ਇੱਕ ਪਾਸੇ ਹਿਮਾਚਲ ਪ੍ਰਦੇਸ਼ ਸਰਕਾਰ ਅਗਲੇ ਪੰਜ ਸਾਲਾਂ ਵਿੱਚ ਸੈਰ-ਸਪਾਟੇ ’ਤੇ 10,000 ਤੋਂ 15,000 ਕਰੋੜ ਰੁਪਏ ਖ਼ਰਚਣ ਦੀ ਤਿਆਰੀ ਕਰ ਰਹੀ ਹੈ ਤੇ ਦੂਜੇ ਪਾਸੇ ਸੁਪਰੀਮ ਕੋਰਟ ਦੀ ਸੈਂਟਰਲ ਇੰਪਾਵਰਡ ਕਮੇਟੀ (ਸੀ ਈ ਸੀ) ਨੇ ਇੱਕ ਅਹਿਮ ਚੇਤਾਵਨੀ ਦਿੱਤੀ ਹੈ ਕਿ ਵਿਕਾਸ ਦੇ ਨਾਂ ’ਤੇ ਵਾਤਾਵਰਣ ਨਾਲ ਖਿਲਵਾੜ ਨਹੀਂ ਕੀਤਾ ਜਾ ਸਕਦਾ। ਸੈਰ-ਸਪਾਟਾ ਹਿਮਾਚਲ ਦੀ ਆਰਥਿਕਤਾ ਦਾ ਇੱਕ ਅਹਿਮ ਥੰਮ੍ਹ ਹੈ, ਜੋ ਰੁਜ਼ਗਾਰ ਪੈਦਾ ਕਰਦਾ ਹੈ, ਸਥਾਨਕ ਕਾਰੋਬਾਰਾਂ ਨੂੰ ਸਹਾਰਾ ਦਿੰਦਾ ਹੈ ਅਤੇ ਦੇਸ਼-ਵਿਦੇਸ਼ ਤੋਂ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਹਾਲਾਂਕਿ, ਅੰਨ੍ਹੇਵਾਹ ਉਸਾਰੀਆਂ, ਸੈਲਾਨੀਆਂ ਦੀ ਵਧਦੀ ਗਿਣਤੀ ਅਤੇ ਬਿਨਾਂ ਸੋਚੇ-ਸਮਝੇ ਸੜਕਾਂ ਚੌੜੀਆਂ ਕਰਨ ਦਾ ਕੰਮ ਉਨ੍ਹਾਂ ਕੁਦਰਤੀ ਨਜ਼ਾਰਿਆਂ ਲਈ ਵੱਡਾ ਖ਼ਤਰਾ ਬਣ ਰਿਹਾ ਹੈ ਜੋ ਇਸ ਸੂਬੇ ਦੀ ਅਸਲ ਖਿੱਚ ਅਤੇ ਸੁੰਦਰਤਾ ਦਾ ਆਧਾਰ ਹਨ। ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਮੁੱਖ ਸੈਰ-ਸਪਾਟਾ ਸਥਾਨਾਂ ’ਤੇ ‘ਸਮਰੱਥਾ ਦਾ ਮੁਆਇਨਾ ਕਰਨ’ ਬਾਰੇ ਇਸ ਦਾ ਸੱਦਾ ਬਿਲਕੁਲ ਤਰਕਸੰਗਤ ਹੈ। ਹਰ ਸੈਰ-ਸਪਾਟਾ ਸਥਾਨ ਦੀਆਂ ਆਪਣੀਆਂ ਵਾਤਾਵਰਨਕ ਸੀਮਾਵਾਂ ਹੁੰਦੀਆਂ ਹਨ, ਜੋ ਉੱਥੋਂ ਦੇ ਪਾਣੀ ਦੇ ਪ੍ਰਬੰਧ, ਕੂੜਾ-ਕਰਕਟ ਦੇ ਨਿਪਟਾਰੇ ਦੇ ਸਿਸਟਮ, ਸੜਕੀ ਜਾਲ ਅਤੇ ਨਾਜ਼ੁਕ ਪਹਾੜੀ ਖੇਤਰ ’ਤੇ ਨਿਰਭਰ ਕਰਦੀਆਂ ਹਨ। ਸੈਰ-ਸਪਾਟੇ ਦਾ ਵਿਕਾਸ ਇਨ੍ਹਾਂ ਸੀਮਾਵਾਂ ਦੇ ਦਾਇਰੇ ਵਿੱਚ ਹੀ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਬਹੁਤ ਜ਼ਿਆਦਾ ਭੀੜ ਵਾਲੇ ਜਾਂ ਵਾਤਾਵਰਣ ਪੱਖੋਂ ਸੰਕਟ ਵਿੱਚ ਘਿਰੇ ਇਲਾਕਿਆਂ ਵਿੱਚ ਉਚਿਤ ਪਾਬੰਦੀਆਂ ਵੀ ਲਗਾਈਆਂ ਜਾਣੀਆਂ ਚਾਹੀਦੀਆਂ ਹਨ।

ਮੀਂਹ-ਹਨੇਰੀ ਜਾਂ ਜ਼ਮੀਨ ਖਿਸਕਣ ਦਾ ਖ਼ਤਰਾ ਬਣੀਆਂ ਢਲਾਣਾਂ ਅਤੇ ਪਹਾੜਾਂ ਦੀ ਅੰਨ੍ਹੇਵਾਹ ਕਟਾਈ ਇਨ੍ਹਾਂ ਮੁਸ਼ਕਲਾਂ ਨੂੰ ਹੋਰ ਵਧਾ ਦਿੰਦੀ ਹੈ। ਕੀਰਤਪੁਰ-ਮਨਾਲੀ ਮਾਰਗ ’ਤੇ 44 ਸੰਵੇਦਨਸ਼ੀਲ ਥਾਵਾਂ ਦੀ ਪਛਾਣ ਇਹ ਦੱਸਦੀ ਹੈ ਕਿ ਗ਼ੈਰ-ਯੋਜਨਾਬੱਧ ਕੰਮਾਂ ਦੀ ਕਿੰਨੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਹਾਈਵੇਅ ਦੇ ਵਿਸਥਾਰ ਦੀ ਵਾਤਾਵਰਨਕ ਜਾਂਚ ਅਤੇ ਕਮਜ਼ੋਰ ਢਲਾਣਾਂ ’ਤੇ ਹੋ ਰਹੀ ਉਸਾਰੀ ’ਤੇ ਸਖ਼ਤ ਨਜ਼ਰ ਰੱਖਣਾ ਬਹੁਤ ਜ਼ਰੂਰੀ ਸੁਰੱਖਿਆ ਉਪਾਅ ਹਨ। ਸਰਕਾਰ ਦੀ ਸੈਰ-ਸਪਾਟਾ ਨਿਵੇਸ਼ ਦੀ ਵੱਡੀ ਯੋਜਨਾ ਵਿਗਿਆਨਕ ਤੱਥਾਂ ਅਤੇ ਆਧਾਰ ’ਤੇ ਚੱਲਣੀ ਚਾਹੀਦੀ ਹੈ।

ਬਦਲੇ ਵਿੱਚ ਰੁੱਖ ਲਗਾਉਣ ਦੇ ਲਟਕਦੇ ਮਾਮਲਿਆਂ, ਟੁਕੜਿਆਂ ਵਿੱਚ ਮਿਲ ਰਹੀਆਂ ਜੰਗਲਾਤ ਮਨਜ਼ੂਰੀਆਂ ਅਤੇ ਗ਼ੈਰ-ਰੈਗੂਲੇਟਿਡ ਰਿਜ਼ੌਰਟਾਂ ਦੇ ਵਿਕਾਸ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਈਕੋ-ਟੂਰਿਜ਼ਮ ਨੂੰ ਵੀ ਵਪਾਰਕ ਸ਼ੋਸ਼ਣ ਦਾ ਜ਼ਰੀਆ ਬਣਾਉਣ ਦੀ ਬਜਾਏ ਅਸਲ ਅਰਥਾਂ ਵਿੱਚ ਜੰਗਲਾਂ ਦੀ ਰਾਖੀ ਕਰਨੀ ਚਾਹੀਦੀ ਹੈ। ਪਾਰਦਰਸ਼ੀ ਨਿਗਰਾਨੀ, ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਅਤੇ ਕਮੇਟੀ ਦੇ ਸੁਝਾਵਾਂ ਨੂੰ ਸਮਾਂਬੱਧ ਤਰੀਕੇ ਨਾਲ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਤੱਕ ਸੈਰ-ਸਪਾਟਾ ਖੇਤਰ ਵਾਤਾਵਰਣ ਦੀ ਸੰਭਾਲ ਨੂੰ ਪਹਿਲ ਨਹੀਂ ਦਿੰਦਾ, ਉਦੋਂ ਤੱਕ ਆਉਣ ਵਾਲੀਆਂ ਆਫ਼ਤਾਂ ਇਸ ਪਹਾੜੀ ਸੂਬੇ ਨੂੰ ਆਰਥਿਕ ਅਤੇ ਮਨੁੱਖੀ ਜਾਨਾਂ ਦੇ ਰੂਪ ਵਿੱਚ ਬਹੁਤ ਵੱਡਾ ਨੁਕਸਾਨ ਪਹੁੰਚਾ ਸਕਦੀਆਂ ਹਨ।

# ਕਾਲਕਾ ਤੇ ਕਾਹਲੋਂ ਵੱਲੋਂ ਬਲਜੀਤ ਸਿੰਘ ਨੂੰ ਉੱਤਰਾਖੰਡ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤੀ ਤੇ ਵਧਾਈ



**ਨਵੀਂ ਦਿੱਲੀ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਸਰਦਾਰ ਬਲਜੀਤ ਸਿੰਘ ਸੋਨੀ ਨੂੰ ਉੱਤਰਾਖੰਡ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ ’ਤੇ ਦਿਲੋਂ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।

ਇਸ ਮੌਕੇ ਕਾਲਕਾ ਅਤੇ ਸਰਦਾਰ ਕਾਹਲੋਂ ਨੇ ਬਲਜੀਤ ਸਿੰਘ ਸੋਨੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਸ ਮਹੱਤਵਪੂਰਨ ਜ਼ਿੰਮੇਵਾਰੀ ਲਈ ਵਧਾਈ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਉਹ ਆਪਣੀ ਸੂਝ-ਬੂਝ, ਦੂਰਅੰਦੇਸ਼ੀ ਅਤੇ ਸਮਰਪਿਤ ਭਾਵਨਾ ਨਾਲ ਇਸ ਅਹੁਦੇ ਦੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਇਹ ਨਵੀਂ ਜ਼ਿੰਮੇਵਾਰੀ ਸਰਦਾਰ ਸੋਨੀ ਨੂੰ ਸਮਾਜ ਦੀ ਭਲਾਈ, ਘੱਟ ਗਿਣਤੀ ਵਰਗਾਂ ਦੇ ਹਿੱਤਾਂ ਦੀ ਰਾਖੀ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਮਜ਼ਬੂਤੀ ਲਈ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਦਾ ਮੌਕਾ ਪ੍ਰਦਾਨ ਕਰੇਗੀ।

ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋਂ ਨੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਹ ਸਰਦਾਰ ਬਲਜੀਤ ਸਿੰਘ ਸੋਨੀ ਨੂੰ ਇਸ ਨਵੀਂ ਜ਼ਿੰਮੇਵਾਰੀ ਨੂੰ ਸਫ਼ਲਤਾਪੂਰਵਕ ਨਿਭਾਉਣ ਲਈ ਬਲ, ਬੁੱਧੀ ਅਤੇ ਵਿਵੇਕ ਬਖ਼ਸ਼ਣ ਅਤੇ ਉਨ੍ਹਾਂ ਦੇ ਹਰ ਉਪਰਾਲੇ ਨੂੰ ਲੋਕ-ਭਲਾਈ ਲਈ ਸਫ਼ਲਤਾ ਬਖ਼ਸ਼ਣ।

# ਮਿਲਾਵਟੀ ਵਸਤਾਂ ਵੇਚਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ: ਫੂਡ ਸੇਫਟੀ ਅਫ਼ਸਰ



**ਕੋਟਕਪੂਰਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਰਾਹੁਲ ਚਾਬਾ ਅਤੇ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਵੱਲੋਂ ਲੋਕਾਂ ਨੂੰ ਸਾਫ਼-ਸੁਥਰੀਆਂ ਅਤੇ ਮਿਆਰੀ ਖਾਣ-ਪੀਣ ਵਾਲੀਆਂ ਵਸਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਕੋਟਕਪੂਰਾ ਵਿਖੇ ਹਲਵਾਈ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਫੂਡ ਸੇਫਟੀ ਅਫ਼ਸਰ ਸ੍ਰੀ ਨਵਦੀਪ ਚਾਹਲ ਨੇ ਵੱਖ-ਵੱਖ ਦੁਕਾਨਾਂ ਦਾ ਨਿਰੀਖਣ ਕੀਤਾ ਅਤੇ ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਂਪਲ ਭਰ ਕੇ ਜਾਂਚ ਲਈ ਭੇਜੇ।ਚੈਕਿੰਗ ਦੌਰਾਨ ਦੁਕਾਨਦਾਰਾਂ ਨੂੰ ਖਾਣ-ਪੀਣ ਦੀਆਂ ਵਸਤਾਂ ਤਿਆਰ ਕਰਨ ਅਤੇ ਸਟੋਰ ਕਰਨ ਸਮੇਂ ਸਫ਼ਾਈ ਦੇ ਉੱਚਿਤ ਮਿਆਰਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ।

ਉਨ੍ਹਾਂ ਨੂੰ ਹਦਾਇਤ ਕੀਤੀ ਗਈ ਕਿ ਦੁਕਾਨਾਂ ਅਤੇ ਰਸੋਈ ਵਾਲੇ ਸਥਾਨਾਂ ਦੀ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਖਾਣ-ਪੀਣ ਦੀਆਂ ਵਸਤਾਂ ਨੂੰ ਢੱਕ ਕੇ ਰੱਖਿਆ ਜਾਵੇ ਅਤੇ ਤਿਆਰੀ ਤੇ ਵਿਕਰੀ ਦੌਰਾਨ ਸਫ਼ਾਈ ਸਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।ਫੂਡ ਸੇਫਟੀ ਅਫ਼ਸਰ ਨਵਦੀਪ ਚਾਹਲ ਨੇ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਅਤੇ ਮਿਲਾਵਟੀ ਜਾਂ ਗੈਰ-ਮਿਆਰੀ ਖਾਣ-ਪੀਣ ਵਾਲੀਆਂ ਵਸਤਾਂ ਵੇਚਣ ਵਾਲਿਆਂ ਨੂੰ ਕਿਸੇ ਵੀ ਕੀਮਤ ’ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਜਾਂਚ ਮੁਹਿੰਮ ਜਾਰੀ ਰਹੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਟੀਮ ਸਹਾਇਕ ਤਿਰਲੋਕ ਸਿੰਘ ਵੀ ਹਾਜ਼ਰ ਸਨ।

# ਏਸ਼ੀਅਨ ਚੈਂਪੀਅਨਜ਼ ਟਰਾਫੀ 2026 - ਦੂਜਾ ਦਿਨ

**ਜਲੰਧਰ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਅੱਜ ਤਿੰਨ ਰੋਮਾਂਚਕ ਅਤੇ ਜ਼ਬਰਦਸਤ ਮੁਕਾਬਲੇ ਹੋਏ, ਜਿਸ ਵਿੱਚ ਮੇਜ਼ਬਾਨ ਭਾਰਤ, ਜਾਪਾਨ ਅਤੇ ਮਲੇਸ਼ੀਆ ਨੇ ਜਿੱਤ ਦਰਜ ਕੀਤੀ।

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵੀ ਭਾਰਤ-ਚੀਨ ਮੁਕਾਬਲਾ ਦੇਖਿਆ ਅਤੇ ਦੋਵਾਂ ਟੀਮਾਂ ਦੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਲਗਾਤਾਰ ਯਤਨਾਂ ਸਦਕਾ ਹੀ ਪੰਜਾਬ ਨੂੰ ਵੱਕਾਰੀ ’ਏਸ਼ੀਅਨ ਚੈਂਪੀਅਨਜ਼ ਟਰਾਫੀ’ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ। ਪੰਜਾਬ ਨੂੰ ਦੇਸ਼ ਵਿੱਚ ਹਾਕੀ ਦਾ ਗੜ੍ਹ ਦੱਸਦਿਆਂ, ਸ. ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਇਸ ਟੂਰਨਾਮੈਂਟ ਦੀ ਸਫਲਤਾ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਭਾਰਤ ਅਤੇ ਚੀਨ ਵਿਚਾਲੇ ਹੋਏ ਬੇਹੱਦ ਰੋਮਾਂਚਕ ਅਤੇ ਜ਼ਬਰਦਸਤ ਮੁਕਾਬਲੇ ਵਿੱਚ ਭਾਰਤੀ ਟੀਮ ਨੇ ਚੀਨ ਨੂੰ 5-2 ਨਾਲ ਹਰਾਇਆ।

ਭਾਰਤ ਲਈ, ਕਪਤਾਨ ਹਰਮਨਪ੍ਰੀਤ ਸਿੰਘ ਨੇ ਸ਼ਾਨਦਾਰ ’ਡਰੈਗ ਫਲਿਕ’ ਦਾ ਪ੍ਰਦਰਸ਼ਨ ਕਰਦਿਆਂ 27ਵੇਂ ਅਤੇ 31ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਰਾਹੀਂ ਦੋ ਗੋਲ ਕੀਤੇ। ਸੁਖਜੀਤ ਸਿੰਘ ਨੇ 12ਵੇਂ ਅਤੇ 34ਵੇਂ ਮਿੰਟ ਵਿੱਚ ਦੋ ’ਫੀਲਡ ਗੋਲ’ ਕੀਤੇ। ਜੁਗਰਾਜ ਸਿੰਘ ਨੇ 47ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਰਾਹੀਂ ਗੋਲ ਕੀਤਾ।



ਚੀਨ ਲਈ, ਪੇਂਗ ਯਾਂਗ ਨੇ 26ਵੇਂ ਮਿੰਟ ਵਿੱਚ ਅਤੇ ਚੌਂਗਕੋਂਗ ਚੇਨ ਨੇ 36ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਰਾਹੀਂ ਗੋਲ ਕੀਤੇ।

ਇੱਕ ਹੋਰ ਮੈਚ ਵਿੱਚ ਜਾਪਾਨ ਦੀ ਟੀਮ ਨੇ ਕਰੜੀ ਟੱਕਰ ਦੇ ਰਹੀ ਬੰਗਲਾਦੇਸ਼ ਦੀ ਟੀਮ ਨੂੰ ਕਾਫ਼ੀ ਜੱਦੋ-ਜਹਿਦ ਤੋਂ ਬਾਅਦ 1-0 ਮਾਤ ਦੇ ਦਿੱਤੀ। ਜਾਪਾਨ ਵੱਲੋਂ ਰਾਇਕੀ ਫੁਜੀਸ਼ੀਮਾ ਨੇ 40ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਰਾਹੀਂ ਇਹ ਗੋਲ ਦਾਗਿਆ।ਇਸ ਤੋਂ ਪਹਿਲਾਂ ਦਿਨ ਦੇ ਪਹਿਲੇ ਮੁਕਾਬਲੇ ਵਿੱਚ ਮਲੇਸ਼ੀਆ ਨੇ ਦੱਖਣੀ ਕੋਰੀਆ ਨੂੰ 3-1 ਨਾਲ ਮਾਤ ਦਿੱਤੀ। ਮਲੇਸ਼ੀਆ ਲਈ ਅਜ਼ੀਮੂਦੀਨ ਕਮਰੂਦੀਨ ਨੇ 10ਵੇਂ ਮਿੰਟ ਵਿੱਚ ਮੈਦਾਨੀ ਗੋਲ ਕਰਕੇ ਖਾਤਾ ਖੋਲ੍ਹਿਆ। ਦੱਖਣੀ ਕੋਰੀਆ ਨੇ ਖੇਡ ਵਿੱਚ ਵਾਪਸੀ ਕਰਦਿਆਂ 31ਵੇਂ ਮਿੰਟ ਵਿੱਚ ਸੋਂਗ ਹਾਏ-ਸੋਂਗ ਦੇ ਮੈਦਾਨੀ ਗੋਲ ਦੀ ਬਦੌਲਤ ਸਕੋਰ 1-1 ਨਾਲ ਬਰਾਬਰ ਕਰ ਦਿੱਤਾ।

ਇਸ ਮਗਰੋਂ ਮਲੇਸ਼ੀਆ ਦੀ ਟੀਮ ਨੇ ਸ਼ਾਨਦਾਰ ਹਾਕੀ ਦਾ ਮੁਜ਼ਾਹਰਾ ਕਰਦਿਆਂ 2 ਹੋਰ ਗੋਲ ਦਾਗ਼ ਦਿੱਤੇ। ਮੁਹੰਮਦ ਅਖੀਮੁੱਲਾ ਅਨਵਰ ਏਸੁਕ ਨੇ 36ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਤਬਦੀਲ ਕਰਕੇ ਆਪਣੀ ਟੀਮ ਨੂੰ 2-1 ਦੀ ਬੜ੍ਹਤ ਦਿਵਾਈ। ਇਸ ਤੋਂ ਬਾਅਦ 50ਵੇਂ ਮਿੰਟ ਵਿੱਚ ਫ਼ੈਜ਼ਲ ਬਿਨ ਸਾਰੀ ਨੇ ਮਲੇਸ਼ੀਆ ਲਈ ਇੱਕ ਹੋਰ ਗੋਲ ਕਰਕੇ ਸਕੋਰ 3-1 ਕਰ ਦਿੱਤਾ, ਜੋ ਕਿ ਅੰਤ ਤੱਕ ਕਾਇਮ ਰਿਹਾ।

# ਰਾਮਦਰਬਾਰ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ ਕਰਵਾ ਚੌਥ ਦਾ ਤਿਉਹਾਰ, 26 ਸਾਲਾਂ ਤੋਂ ਔਰਤਾਂ ਨਾਲ ਨਿਭਾ ਰਹੀ ਹਾਂ ਪਰੰਪਰਾ: ਕਮਲੇਸ਼ ਬਨਾਰਸੀ ਦਾਸ



**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਮਦਰਬਾਰ ਵਿੱਚ ਔਰਤਾਂ ਵੱਲੋਂ ਕਰਵਾ ਚੌਥ ਦਾ ਪਵਿੱਤਰ ਤਿਉਹਾਰ ਬਹੁਤ ਉਤਸ਼ਾਹ, ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਇਲਾਕੇ ਦੀਆਂ ਔਰਤਾਂ ਨੇ ਇਕੱਠੇ ਹੋ ਕੇ ਪੂਰੇ ਵਿਧੀ-ਵਿਧਾਨ ਅਤੇ ਸ਼ਰਧਾ ਭਾਵ ਨਾਲ ਕਰਵਾ ਚੌਥ ਦੀ ਪੂਜਾ-ਅਰਚਨਾ ਕੀਤੀ ਅਤੇ ਆਪਣੇ ਸੁਹਾਗ ਦੀ ਲੰਬੀ ਉਮਰ, ਸੁੱਖ-ਸਮਰਿਧੀ ਅਤੇ ਪਰਿਵਾਰ ਦੀ ਖੁਸ਼ਹਾਲੀ ਦੀ ਕਾਮਨਾ ਕੀਤੀ।

ਕਰਵਾ ਚੌਥ ਦੇ ਇਸ ਪਵਿੱਤਰ ਤਿਉਹਾਰ ’ਤੇ ਭਗਵਾਨ ਗਣੇਸ਼ ਜੀ, ਭਗਵਾਨ ਸ਼ਿਵ, ਮਾਤਾ ਪਾਰਵਤੀ ਅਤੇ ਚੌਥ ਮਾਤਾ ਦੀ ਪੂਜਾ-ਅਰਚਨਾ ਕੀਤੀ ਗਈ। ਔਰਤਾਂ ਨੇ ਵਿਧੀ-ਵਿਧਾਨ ਨਾਲ ਪੂਜਾ ਕਰਦਿਆਂ ਆਪਣੇ ਪਤੀ ਦੀ ਲੰਬੀ ਉਮਰ, ਸੁਖੀ ਵਿਆਹੁਤਾ ਜੀਵਨ ਅਤੇ ਪਰਿਵਾਰ ਦੀ ਸੁੱਖ-ਸਮਰਿਧੀ ਲਈ ਅਰਦਾਸ ਕੀਤੀ।

ਪੂਜਾ ਦੌਰਾਨ ਔਰਤਾਂ ਨੇ ਸਮੂਹਿਕ ਤੌਰ ’ਤੇ ਕਰਵਾ ਚੌਥ ਦੀ ਕਥਾ ਸੁਣੀ। ਕਥਾ ਤੋਂ ਬਾਅਦ ਰਵਾਇਤੀ ਰੀਤੀ-ਰਿਵਾਜਾਂ ਅਨੁਸਾਰ ਪੂਜਾ ਦੀ ਥਾਲੀ ਨੂੰ ਇੱਕ-ਦੂਜੇ ਦੇ ਸਾਹਮਣੇ ਘੁਮਾਇਆ ਗਿਆ ਅਤੇ ਔਰਤਾਂ ਨੇ ਮਿਲ ਕੇ ਰਵਾਇਤੀ ਕਰਵਾ ਚੌਥ ਦੇ ਗੀਤ ਗਾਏ।

ਇਸ ਦੌਰਾਨ ਕਾਟੀ ਨਯਾ ਤੇਰੀ ਨ ਘੂਮ ਚਰਕੜਾ ਫੇਰੀ, ਨ ਬਨ ਪਾਈ ਨ ਸੁਈ ਚ ਠਗਾ ਪਾਈ ਵਰਗੇ ਰਵਾਇਤੀ ਲੋਕ ਗੀਤਾਂ ਰਾਹੀਂ ਤਿਉਹਾਰ ਦੀ ਸੱਭਿਆਚਾਰਕ ਪਰੰਪਰਾ ਨੂੰ ਜੀਵੰਤ ਕੀਤਾ ਗਿਆ।

ਇਸ ਤੋਂ ਬਾਅਦ ਸਾਰੀਆਂ ਔਰਤਾਂ ਨੇ ਇੱਕ-ਦੂਜੇ ਨੂੰ ਕਰਵਾ ਚੌਥ ਦੀਆਂ ਵਧਾਈਆਂ ਦਿੱਤੀਆਂ, ਵੱਡਿਆਂ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ ਅਤੇ ਹਮਉਮਰ ਔਰਤਾਂ ਨੇ ਗਲੇ ਮਿਲ ਕੇ ਪਿਆਰ, ਸਨੇਹ ਅਤੇ ਭਾਈਚਾਰੇ ਦਾ ਸੁਨੇਹਾ ਦਿੱਤਾ। ਪੂਰੇ ਸਮਾਗਮ ਵਿੱਚ ਉਤਸ਼ਾਹ, ਆਪਸੀ ਸਦਭਾਵਨਾ ਅਤੇ ਭਾਰਤੀ ਸੱਭਿਆਚਾਰ ਦੀ ਸੁੰਦਰ ਝਲਕ ਦੇਖਣ ਨੂੰ ਮਿਲੀ।

ਸਾਬਕਾ ਮੇਅਰ ਕਮਲੇਸ਼ ਬਨਾਰਸੀ ਦਾਸ ਨੇ ਦੱਸਿਆ ਕਿ ਉਹ ਪਿਛਲੇ ਲਗਭਗ 26 ਸਾਲਾਂ ਤੋਂ ਰਾਮਦਰਬਾਰ ਦੀਆਂ ਔਰਤਾਂ ਨਾਲ ਮਿਲ ਕੇ ਕਰਵਾ ਚੌਥ ਦਾ ਤਿਉਹਾਰ ਮਨਾਉਂਦੀ ਆ ਰਹੀ ਹੈ। ਇਸ ਸਮਾਗਮ ਦਾ ਉਦੇਸ਼ ਔਰਤਾਂ ਨੂੰ ਇੱਕਜੁੱਟ ਕਰਨਾ, ਆਪਸੀ ਪਿਆਰ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨਾ ਅਤੇ ਭਾਰਤੀ ਸੱਭਿਆਚਾਰ ਅਤੇ ਰਵਾਇਤੀ ਰੀਤੀ-ਰਿਵਾਜਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਹੈ।

ਉਨ੍ਹਾਂ ਸਾਰੀਆਂ ਔਰਤਾਂ ਨੂੰ ਕਰਵਾ ਚੌਥ ਦੀ ਹਾਰਦਿਕ ਵਧਾਈ ਦਿੰਦਿਆਂ ਉਨ੍ਹਾਂ ਦੇ ਸੁਖੀ ਵਿਆਹੁਤਾ ਜੀਵਨ, ਪਰਿਵਾਰ ਦੀ ਖੁਸ਼ਹਾਲੀ ਅਤੇ ਸਮਰਿਧੀ ਕਾਮਨਾ ਕੀਤੀ।

# ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਲਈ ਜਨਰਲ ਇਜਲਾਸ 20 ਨਵੰਬਰ



**ਅੰਮ੍ਰਿਤਸਰ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 20 ਨਵੰਬਰ ਨੂੰ ਸੱਦਿਆ ਹੈ। ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਸ. ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਦੁਪਹਿਰ 12:00 ਵਜੇ ਹੋਵੇਗਾ, ਜਿਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਸ ਦੇ ਨਾਲ ਹੀ ਅੰਤਰਿੰਗ ਕਮੇਟੀ ਵੱਲੋਂ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ। ਜਿਸ ਤਹਿਤ ਪਾਸ ਕੀਤੇ ਗਏ ਇੱਕ ਮਤੇ ਰਾਹੀਂ ਨਸ਼ਿਆਂ ਵਿਰੁੱਧ ਸੰਘਰਸ਼ ਕਰਨ ਵਾਲੇ ਪਰਵਿੰਦਰ ਸਿੰਘ ਦੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਵਿੱਚ ਵੱਧ ਰਿਹਾ ਨਸ਼ਿਆਂ ਦਾ ਵਰਤਾਰਾ ਵੱਡੀ ਚਿੰਤਾ ਵਾਲਾ ਹੈ, ਪਰ ਸਰਕਾਰ ਨਸ਼ਿਆਂ ਖ਼ਿਲਾਫ਼ ਕਾਰਵਾਈ ਦੀ ਥਾਂ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਖ਼ਿਲਾਫ਼ ਹੀ ਭੁਗਤ ਰਹੀ ਹੈ।

ਉਸ ਵੱਲੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੀਤੇ ਸੰਘਰਸ਼ ਅਤੇ ਇਸ ਮਕਸਦ ਲਈ ਦਿੱਤੀ ਸ਼ਹਾਦਤ ਨੂੰ ਸਦੀਵੀ ਯਾਦ ਰੱਖਣ ਦੇ ਉਦੇਸ਼ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਥਾਪਤ ਕਰਨ ਨੂੰ ਅੰਤਰਿੰਗ ਕਮੇਟੀ ਨੇ ਪ੍ਰਵਾਨਗੀ ਦਿੱਤੀ।

ਅੰਤਰਿੰਗ ਕਮੇਟੀ ਨੇ ਬੀਤੇ ਦਿਨੀਂ ਮਾਨਸਾ ਵਿਖੇ ਨਸ਼ਿਆਂ ਵਿਰੁੱਧ ਚੱਲ ਰਹੇ ਸੰਘਰਸ਼ ਦੌਰਾਨ ਧਰਨੇ ਵਿਚ ਸ਼ਾਮਲ ਹੋਏ ਕਰੀਬ 40 ਨੌਜਵਾਨਾਂ ਵਿਰੁੱਧ ਪੁਲੀਸ ਵੱਲੋਂ ਐਫ.ਆਈ.ਆਰ. ਦਰਜ ਕਰਨ, ਕੁਝ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਇਸ ਦੌਰਾਨ ਸਿੱਖਾਂ ਦੀਆਂ ਦਸਤਾਰਾਂ ਉਤਾਰਨ ਅਤੇ ਬੀਬੀਆਂ ਨਾਲ ਵਧੀਕੀ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਇਸ ਸਬੰਧੀ ਮਤੇ ਵਿਚ ਅੰਤਰਿੰਗ ਕਮੇਟੀ ਵੱਲੋਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਨੌਜਵਾਨਾਂ ਵਿਰੁੱਧ ਦਰਜ ਕੀਤੀ ਗਈ ਐਫ.ਆਈ.ਆਰ. ਤੁਰੰਤ ਰੱਦ ਕੀਤੀ ਜਾਵੇ, ਗ੍ਰਿਫ਼ਤਾਰ ਕੀਤੇ ਨੌਜਵਾਨਾਂ ਨੂੰ ਬਿਨਾਂ ਦੇਰੀ ਰਿਹਾਅ ਕੀਤਾ ਜਾਵੇ ਅਤੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਇਸੇ ਤਰ੍ਹਾਂ ਰੋਸ ਵਜੋਂ ਲੱਗੇ ਧਰਨੇ ਵਿਚ ਸ਼ਾਮਲ ਹੋਣ ਗਏ ਨੌਜੁਆਨ ਮਨਪ੍ਰੀਤ ਸਿੰਘ ਦੀ ਪੋਸਟਰ ਉਤਾਰਦੇ ਸਮੇਂ ਕਰੰਟ ਲੱਗਣ ਨਾਲ ਹੋਈ ਮੌਤ ’ਤੇ ਦੁੱਖ ਜ਼ਾਹਿਰ ਕਰਦਿਆਂ ਉਸ ਦੇ ਪਰਿਵਾਰ ਨੂੰ ਢਾਈ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ’ਚ ਜੂਨ 1984 ਵਿਚ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਕੀਤੇ ਹਮਲੇ ਦੇ ਰੋਸ ਵਜੋਂ ਬਗ਼ਾਵਤ ਕਰਨ ਵਾਲੇ 479 ਸਿੱਖ ਧਰਮੀ ਫ਼ੌਜੀਆਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ਦੌਰਾਨ ਸ਼੍ਰੋਮਣੀ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਸ ਦੇ ਨਾਲ ਹੀ ਅੰਤਰਿੰਗ ਕਮੇਟੀ ਵੱਲੋਂ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ। ਜਿਸ ਤਹਿਤ ਪਾਸ ਕੀਤੇ ਗਏ ਇੱਕ ਮਤੇ ਰਾਹੀਂ ਨਸ਼ਿਆਂ ਵਿਰੁੱਧ ਸੰਘਰਸ਼ ਕਰਨ ਵਾਲੇ ਪਰਵਿੰਦਰ ਸਿੰਘ ਦੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਵਿੱਚ ਵੱਧ ਰਿਹਾ ਨਸ਼ਿਆਂ ਦਾ ਵਰਤਾਰਾ ਵੱਡੀ ਚਿੰਤਾ ਵਾਲਾ ਹੈ, ਪਰ ਸਰਕਾਰ ਨਸ਼ਿਆਂ ਖ਼ਿਲਾਫ਼ ਕਾਰਵਾਈ ਦੀ ਥਾਂ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣਕਮੇਟੀ ਦੇ ਮੁਲਾਜ਼ਮਾਂ ਨੂੰ ਬਿਨਾਂ ਦੇਰੀ ਰਿਹਾਅ ਕੀਤਾ ਜਾਵੇ ਅਤੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਮਹਿੰਗਾਈ ਭੱਤਾ ਦੇਣ ਦਾ ਵੀ ਫੈਸਲਾ ਕੀਤਾ ਗਿਆ।

# ਡਾ. ਬੀ. ਐੱਸ. ਸੰਧੂ ਸਕੂਲ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਦਾ ਆਯੋਜਨ



**ਦੇਵੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਬੀ. ਐੱਸ. ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ, ਜੁਲਾਹ ਖੇੜੀ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਦੂਰ ਰੱਖਣ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ÷ਨਸ਼ਾ ਵਿਰੋਧੀ÷ ਜਾਗਰੂਕਤਾ ਸੈਮੀਨਾਰ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਪਟਿਆਲਾ ਦੇ ਪ੍ਰਸਿੱਧ ਮੋਟੀਵੇਸ਼ਨਲ ਸਪੀਕਰ ਅਤੇ ਫਿਲਾਸਫਰ ਸ਼੍ਰੀ ਪਰਮਜੀਤ ਸਿੰਘ ਅਗਰਵਾਲ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ।

ਸੈਮੀਨਾਰ ਦੌਰਾਨ ਸ਼੍ਰੀ ਪਰਮਜੀਤ ਸਿੰਘ ਅਗਰਵਾਲ ਨੇ ਆਪਣੇ ਪ੍ਰੇਰਨਾਦਾਇਕ ਵਿਚਾਰਾਂ ਰਾਹੀਂ ਬੱਚਿਆਂ ਨੂੰ ਸਮਝਾਇਆ ਕਿ ਨਸ਼ਾ ਕਿਸ ਤਰ੍ਹਾਂ ਇਨਸਾਨ ਦੇ ਸਰੀਰ, ਦਿਮਾਗ ਅਤੇ ਭਵਿੱਖ ਨੂੰ ਤਬਾਹ ਕਰ ਦਿੰਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਚੰਗੀ ਸੰਗਤ ਅਪਣਾਉਣ, ਖੇਡਾਂ ਅਤੇ ਪੜ੍ਹਾਈ ਵੱਲ ਧਿਆਨ ਕੇਂਦਰਿਤ ਕਰਨ ਅਤੇ ਜੀਵਨ ਵਿੱਚ ਉੱਚੇ ਟੀਚੇ ਨਿਰਧਾਰਿਤ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਵੀ ਇਸ ਸੈਮੀਨਾਰ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਨਸ਼ਿਆਂ ਵਿਰੁੱਧ ਇੱਕਜੁੱਟ ਹੋਣ ਦਾ ਪ੍ਰਣ ਲਿਆ।

ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਹਰਦੀਪ ਸਿੰਘ ਸੰਧੂ, ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਰਾਜਿੰਦਰ ਕੌਰ ਸੰਧੂ ਅਤੇ ਪ੍ਰਿੰਸੀਪਲ ਸ੍ਰੀਮਤੀ ਤਰਨਦੀਪ ਕੌਰ ਅਰੋੜਾ ਨੇ ਸਾਂਝੇ ਤੌਰ ’ਤੇ ਸੰਦੇਸ਼ ਜਾਰੀ ਕਰਦਿਆਂ ਕਿਹਾ, ÷ਅੱਜ ਦੇ ਯੁੱਗ ਵਿੱਚ ਬੱਚਿਆਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣਾ ਅਤੇ ਉਨ੍ਹਾਂ ਨੂੰ ਸਹੀ ਰਸਤਾ ਦਿਖਾਉਣਾ ਬਹੁਤ ਜ਼ਰੂਰੀ ਹੈ।

ਸ਼੍ਰੀ ਪਰਮਜੀਤ ਸਿੰਘ ਅਗਰਵਾਲ ਜੀ ਵੱਲੋਂ ਦਿੱਤੇ ਗਏ ਇਹ ਵਿਚਾਰ ਵਿਦਿਆਰਥੀਆਂ ਦੇ ਜੀਵਨ ਨੂੰ ਇੱਕ ਨਵੀਂ ਦਿਸ਼ਾ ਦੇਣਗੇ। ਸਾਡਾ ਸਕੂਲ ਹਮੇਸ਼ਾ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਉਨ੍ਹਾਂ ਨੂੰ ਚੰਗੇ ਨਾਗਰਿਕ ਬਣਾਉਣ ਲਈ ਅਜਿਹੇ ਸਾਰਥਕ ਉਪਰਾਲੇ ਕਰਦਾ ਰਹੇਗਾ।

# ਸਨਅਤੀ ਪਲਾਟ ਘਪਲੇ ’ਚ ਸੇਵਾ ਮੁਕਤ ਜਨਰਲ ਮੈਨੇਜਰ ਗ੍ਰਿਫ਼ਤਾਰ’

**ਅੰਮ੍ਰਿਤਸਰ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮੇਟੀ ਨੇ ਇੱਕ ਉੱਚ ਅਹੁਦੇ ’ਤੇ ਬੈਠੇ ਸਰਕਾਰੀ ਅਧਿਕਾਰੀ ਦੀ ਪਾਰਟੀ ਨਿਯੁਕਤੀਆਂ ਵਿੱਚ ਕਥਿਤ ਦਖਲਅੰਦਾਜ਼ੀ, ਪਾਰਟੀ ਅਹੁਦੇਦਾਰਾਂ ਨੂੰ ਨਵੀਆਂ ਇਨੋਵਾ ਗੱਡੀਆਂ ਦੇਣ ਅਤੇ ਸਰਕਾਰੀ ਟੈਂਡਰਾਂ ਤੇ ਟਿਕਟਾਂ ਦੀ ਵੰਡ ਵਿੱਚ ਕਥਿਤ ਧੋਖਾਧੜੀ ਬਾਰੇ ਵੀ ਸਪਸ਼ਟੀਕਰਨ ਮੰਗਿਆ ਸੀ।

ਕਮੇਟੀ ਅਨੁਸਾਰ, 20 ਅਕਤੂਬਰ ਨੂੰ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ (ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ) ਨੂੰ ਛੇ ਪੰਨਿਆਂ ਦਾ ਇੱਕ ਵਿਸਤ੍ਰਿਤ ਪੱਤਰ ਸੌਂਪਿਆ ਗਿਆ ਸੀ। ਇਸ ਵਿੱਚ ਚਾਰ ਵਿਅਕਤੀਆਂ ਦੀਆਂ ਕਥਿਤ ਗਤੀਵਿਧੀਆਂ ਅਤੇ ਸਰਕਾਰ ਤੇ ਭਾਰਤੀ ਏਜੰਸੀਆਂ ਨਾਲ ਉਨ੍ਹਾਂ ਦੇ ਕਥਿਤ ਸਬੰਧਾਂ ਬਾਰੇ ਗੰਭੀਰ ਇਤਰਾਜ਼ ਦਰਜ ਕੀਤੇ ਗਏ ਸਨ।

ਕਮੇਟੀ ਨੇ ਇਹ ਵੀ ਜਾਣਕਾਰੀ ਦਿੱਤੀ ਸੀ ਕਿ 27 ਅਕਤੂਬਰ ਨੂੰ ’ਪੰਜ ਪ੍ਰਧਾਨੀ’ ਮੈਂਬਰਾਂ ਤਰਸੇਮ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ ਜੌਹਲ, ਹਰਭਜਨ ਸਿੰਘ ਤੂਰ ਅਤੇ ਸੁਖਵਿੰਦਰ ਸਿੰਘ ਨਾਲ ਹੋਈ ਇੱਕ ਲੰਮੀ ਮੀਟਿੰਗ ਦੌਰਾਨ ਤੱਥਾਂ ਅਤੇ ਸਬੂਤਾਂ ਦੇ ਨਾਲ ਕਈ ਅਹਿਮ ਮੁੱਦਿਆਂ ’ਤੇ ਚਰਚਾ ਕੀਤੀ ਗਈ ਸੀ।

ਸੂਤਰਾਂ ਨੇ ਦੱਸਿਆ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਵੱਲੋਂ ਵਧੇਰੇ ਉਦਾਰਵਾਦੀ ਅਤੇ ਧਰਮ ਨਿਰਪੱਖ ਸਿਆਸੀ ਪਹੁੰਚ ਅਪਣਾਉਣ ਤੋਂ ਬਾਅਦ ਇਹ ਮਤਭੇਦ ਪੈਦਾ ਹੋਏ ਹਨ। ਪੰਥਕ ਵਿਚਾਰਧਾਰਾ ’ਤੇ ਚੱਲਣ ਵਾਲੇ ਲੋਕ ਇਸ ਕਦਮ ਤੋਂ ਸਹਿਮਤ ਨਹੀਂ ਹਨ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ’ਤੇ ਪਾਰਟੀ ਦੇ ਇੱਕ ਆਗੂ ਨੇ ਦੱਸਿਆ ਕਿ ਇਹ ਵਿਰੋਧ ਉਦੋਂ ਸ਼ੁਰੂ ਹੋਇਆ ਜਦੋਂ ਪਾਰਟੀ ਨੇ ਉਮੀਦਵਾਰਾਂ ਦੀ ਜਿੱਤਣ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦਿਆਂ ਯੋਗ ਉਮੀਦਵਾਰਾਂ ਲਈ ਇੱਕ ਸਰਵੇਖਣ ਕਰਵਾਇਆ। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਟਿਕਟਾਂ ਉਨ੍ਹਾਂ ਲੋਕਾਂ ਨੂੰ ਹੀ ਦਿੱਤੀਆਂ ਜਾਣਗੀਆਂ ਜਿਨ੍ਹਾਂ ਦਾ ਜਨਤਕ ਅਕਸ ਸਾਫ਼-ਸੁਥਰਾ ਹੋਵੇਗਾ ਅਤੇ ਉਹ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਮਾਮਲੇ ਵਿੱਚ ਸ਼ਾਮਲ ਨਹੀਂ ਹੋਣਗੇ।

ਮੌਜੂਦਾ ਸਮੇਂ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਇਸ ਸਿਆਸੀ ਸਮੂਹ ਦੀ ਅਗਵਾਈ ਕਰ ਰਹੇ ਹਨ। ਚੋਣ ਕਮਿਸ਼ਨ ਵੱਲੋਂ ਇੱਕ ਸਿਆਸੀ ਪਾਰਟੀ ਵਜੋਂ ਇਸ ਦੀ ਰਜਿਸਟ੍ਰੇਸ਼ਨ ’ਤੇ ਇਤਰਾਜ਼ ਉਠਾਉਣ ਤੋਂ ਬਾਅਦ ਪਾਰਟੀ ਨੂੰ ਰਜਿਸਟ੍ਰੇਸ਼ਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਚੋਣ ਨਿਸ਼ਾਨ ਦੀ ਪ੍ਰਕਿਰਿਆ ਵੀ ਰੁਕੀ ਹੋਈ ਹੈ। ਇਹ ਮਾਮਲਾ ਫਿਲਹਾਲ ਦਿੱਲੀ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ, ਜਿਸ ਨੇ ਸੂਬਾ ਸਰਕਾਰ ਤੋਂ ਜਵਾਬ ਮੰਗਿਆ ਹੈ।

# ਅਕਾਲੀ ਦਲ ਸਰਕਾਰ ਉਦਯੋਗ ਵਾਸਤੇ 5 ਰੁਪਏ ਪ੍ਰਤੀ ਯੂਨਿਟ ਦੀ ਦਰ ’ਤੇ ਬਿਜਲੀ ਪ੍ਰਦਾਨ ਕਰੇਗੀ: ਸੁਖਬੀਰ ਸਿੰਘ ਬਾਦਲ

**ਪਟਿਆਲਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਉਦਯੋਗਿਕ ਖੇਤਰ ਵਾਸਤੇ 5 ਰੁਪਏ ਪ੍ਰਤੀ ਯੂਨਿਟ ਦੀ ਦਰ ’ਤੇ ਬਿਜਲੀ ਪ੍ਰਦਾਨ ਕਰੇਗੀ ਅਤੇ ਇਕ ਉਸਾਰੀ ਪੰਜਾਬ ਦੇ ਨਾਮ ’ਤੇ ਨਵਾਂ ਵਿਭਾਗ ਕਾਇਮ ਕਰੇਗੀ ਜੋ ਤਾਂ ਜੋ ਆਈ ਟੀ ਤੇ ਏ ਆਈ ਸਹੂਲਤਾਂ ਸਮੇਤ ਬਿਲਡਰਾਂ ਨੂੰ ਤੇਜ਼ ਰਫਤਾਰ ਕਲੀਅਰੰਸ ਦਿੱਤੀ ਜਾ ਸਕੇ।



ਅਕਾਲੀ ਦਲ ਦੇ ਪ੍ਰਧਾਨ ਜੋ ਅੱਜ ਵਪਾਰ ਤੇ ਉਦਯੋਗ ਵਿੰਗ ਦੇ ਪ੍ਰਧਾਨ ਐਨ ਕੇ ਸ਼ਰਮਾ ਸਮੇਤ ਇਥੇ ਵਪਾਰੀਆਂ ਤੇ ਉਦਯੋਗਪਤੀਆਂ ਨਾਲ ਮੀਟਿੰਗ ਕਰਨ ਪੁੱਜੇ ਸਨ, ਨੇ ਕਿਹਾ ਕਿ ਬਿਜਲੀ ਦੀਆਂ 10 ਤੋਂ 12 ਰੁਪਏ ਪ੍ਰਤੀ ਯੂਨਿਟ ਦੀਆਂ ਮਹਿੰਗੀਆਂ ਦਰਾਂ ਕਾਰਨ ਪੰਜਾਬ ਵਿਚ ਉਦਯੋਗਾਂ ਵਾਸਤੇ ਕੰਮ ਕਰਨਾ ਔਖਾ ਹੋ ਗਿਆ ਹੈ। ਉਹਨਾਂ ਕਿਹਾ ਕਿ ਇਹਨਾਂ ਦਰਾਂ ਵਿਚ ਕਟੌਤੀ ਕਰਨ ਦੇ ਨਾਲ-ਨਾਲ ਅਗਲੀ ਅਕਾਲੀ ਦਲ ਦੀ ਸਰਕਾਰ ਉਦਯੋਗਪਤੀਆਂ ਨੂੰ ਆਪਣੇ ਸੋਲਰ ਪਲਾਂਟ ਲਗਾ ਕੇ ਬਿਜਲੀ ਦਰਾਂ ਵਿਚ ਕਮੀ ਲਿਆਉਣ ਦੀ ਸਹੂਲਤ ਦੇਵੇਗੀ ਜਿਸਦੀ ਬਦੌਲਤ ਬਿਜਲੀ ਦਰਾਂ ਘੱਟ ਕੇ 1.50 ਰੁਪਏ ਪ੍ਰਤੀ ਯੂਨਿਟ ਰਹਿ ਜਾਣਗੀਆਂ।

ਉਹਨਾਂ ਇਹ ਵੀ ਐਲਾਨ ਕੀਤਾ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਵੇਲੇ ਬਣਾਏ ਨਿਵੇਸ਼ ਪੰਜਾਬ ਵਿਭਾਗ ਰਾਹੀਂ ਨਵੇਂ ਨਿਵੇਸ਼ ਦੀਆਂ ਤਜਵੀਜ਼ਾਂ ਨੂੰ ਤਰਜੀਹ ਦੇ ਆਧਾਰ ’ਤੇ ਪਾਸ ਕੀਤਾ ਜਾਵੇਗਾ ਅਤੇ ਅਗਲੀ ਅਕਾਲੀ ਦਲ ਦੀ ਸਰਕਾਰ ਵੇਲੇ ਇਕ ਉਸਾਰੀ ਪੰਜਾਬ ਵਿਭਾਗ ਦੀ ਸਿਰਜਣਾ ਕੀਤੀ ਜਾਵੇਗੀ।ਇਹ ਵਿਭਾਗ ਸਾਰੇ ਬਿਲਡਰਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਸਾਰੀਆਂ ਪ੍ਰਵਾਨਗੀਆਂ ਲੈ ਕੇ ਦੇਣ ਵਾਸਤੇ ਜ਼ਿੰਮੇਵਾਰ ਹੋਵੇਗਾ। ਉਹਨਾਂ ਇਹ ਵੀ ਐਲਾਨ ਕੀਤਾ ਕਿ ਸੀ ਐਲ ਯੂ ਚਾਰਜਿਜ਼ ਵਿਚ ਕਟੌਤੀ ਕੀਤੀ ਜਾਵੇਗੀ ਅਤੇ ਸੀ ਐਲ ਯੂ ਦੇਣ ਦੀ ਸਾਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਇਆ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਸਾਰੀਆਂ ਨਜਾਇਜ਼ ਕਲੋਨੀਆਂ ਵਾਸਤੇ ਇਕਮੁਸ਼ਤ ਸੈਟਲਮੈਂਟ ਸਕੀਮ ਲਾਗੂ ਕੀਤੀ ਜਾਵੇਗੀ।

ਹਰਪ੍ਰੀਤ ਸਿੰਘ ਜਿਸਨੇ ਇਸ ਸ਼ਹਿਰ ਵਿਚ ਬੀ ਪੀ ਓ ਸਥਾਪਿਤ ਕੀਤਾ ਹੈ, ਦੇ ਸਵਾਲ ਦਾ ਜਵਾਬ ਦਿੰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਸੀਂ ਇਕ ਆਈ ਟੀ ਨੀਤੀ ਲਿਆਵਾਂਗੇ ਜਿਸ ਤਹਿਤ ਸੂਬੇ ਵਿਚ ਡਾਟਾ ਸੈਂਟਰ ਸਥਾਪਿਤ ਕਰਨ ਤੇ ਏ ਆਈ ਨੂੰ ਉਤਸ਼ਾਹਿਤ ਕਰਨ ਦੇ ਯਤਨ ਕੀਤੇ ਜਾਣਗੇ। ਉਹਨਾਂ ਕਿਹਾ ਕਿ ਸਾਡਾ ਜ਼ੋਰ ਹੋਵੇਗਾ ਕਿ ਅੰਮ੍ਰਿਤਸਰ ਤੇ ਮੁਹਾਲੀ ਨੂੰ ਆਈ ਟੀ ਹਬ ਵਜੋਂ ਵਿਕਸਤ ਕੀਤਾ ਜਾਵੇ।

ਡੇਅਰੀ ਐਸੋਸੀਏਸ਼ਨ ਦੇ ਕ੍ਰਿਪਾਲ ਸਿੰਘ, ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਤੇਜਿੰਦਰ ਸਿੰਘ ਤੇਜੀ, ਬਿਲਡਰਜ਼ ਐਸੋਸੀਏਸ਼ਨ ਦੇ ਜੋਗੇਸ਼ਵਰ ਸਿੰਘ ਮੋਨੂੰ, ਆੜ੍ਹਤੀਆ ਐਸੋਸੀਏਸ਼ਨ ਦੇ ਪਵਨ ਘਈ, ਟਰਾਂਸਪੋਰਟ ਐਸੋਸੀਏਸ਼ਨ ਦੇ ਕੁਲਦੀਪ ਸਿੰਘ ਰੱਤਾ, ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਦੇ ਮਨਜੀਤ ਸਿੰਘ ਸ਼ਾਹੀ, ਵਪਾਰ ਮੰਡਲ ਦੇ ਪਰਮਜੀਤ ਸਿੰਘ ਚੀਮਾ ਅਤੇ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਤੇ ਹੋਰਨਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਉਹਨਾਂ ਦੀਆਂ ਮੁ ?ਸ਼ਕਿਲਾਂ ਦੂਰ ਕਰਨ ਦਾ ਭਰੋਸਾ ਦੁਆਇਆ। ਸਰਦਾਰ ਬਾਦਲ ਨੇ ਕਿਹਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਦੁਧਾਰੂ ਪਸ਼ੂਆਂ ਦੀ ਖਰੀਦ ’ਤੇ 75 ਫੀਸਦੀ ਸਬਸਿਡੀ ਦੇਵੇਗੀ ਤੇ ਉਹਨਾਂ ਜ਼ੋਰ ਦੇ ਕੇ ਕਿਹਾ ਕਿ ਜਿਹੜੇ ਦੁੱਧ ਵਿਚ ਮਿਲਾਵਟਖੋਰੀ ਕਰਨਗੇ ਉਹਨਾਂ ਖਿਲਾਫ ਧਾਰਾ 307 ਤਹਿਤ ਪਰਚੇ ਦਿੱਤੇ ਜਾਣਗੇ। ਉਹਨਾਂ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਨੂੰ ਪੰਜਾਬ ਦੇ ਨਾਗਰਿਕਾਂ ’ਤੇ ਵਿਸ਼ਵਾਸ ਹੈ ਅਤੇ ਇਹ ਸਵੈ ਘੋਸ਼ਣਾ ਪੱਤਰ ਲਾਗੂ ਕਰ ਕੇ ਸਾਰੀ ਦਸਤਾਵੇਜ਼ੀ ਕੰਮਾਂ ਨੂੰ ਖ਼ਤਮ ਕਰੇਗਾ ਅਤੇ ਯਕੀਨੀ ਬਣਾਏਗਾ ਕਿ ਸਰਕਾਰੀ ਕੰਮਕਾਜ ਵਿਚ ਕਿਸੇ ਵੀ ਨਾਗਰਿਕ ਨੂੰ ਸਰਕਾਰੀ ਪ੍ਰਵਾਨਗੀਆਂ ਆਨਲਾਈਨ ਮਿਲ ਜਾਣ।


ਉਹਨਾਂ ਕਿਹਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਅਨਾਜ ’ਤੇ ਆੜ੍ਹਤੀਆਂ ਦੀ ਕਮਿਸ਼ਨ 2.5 ਫੀਸਦੀ ਕਰਨ ਦੀ ਮੰਗ ਪੂਰੀ ਕਰਵਾਉਣ ਵਾਸਤੇ ਕੰਮ ਕਰੇਗੀ ਅਤੇ ਚਾਰ ਸਾਲਾਂ ਤੱਕ ਟੈਕਸ ਦੀ ਅਦਾਇਗੀ ਦੇ ਛੋਟੇ ਵਪਾਰੀਆਂ ਦੇ ਮਸਲੇ ਵੀ ਹੱਲ ਕੀਤੇ ਜਾਣਗੇ। ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਮੈਡੀਕਲ ਸਟੋਰਾਂ ਵਾਲਿਆਂ ਨੂੰ ਤੰਗ ਪ੍ਰੇਸ਼ਾਨ ਨਹੀਂ ਹੋਣ ਦਿੱਤਾ ਜਾਵੇਗਾ ਤੇ ਪੰਜਾਬ ਵਿਚ ਆਨਲਲਾਈਨ ਆਦਤ ਬਣਾਉਣ ਵਾਲੀਆਂ ਦਵਾਈਆਂ ਦੀ ਵਿਕਰੀ ਦੇ ਮਸਲੇ ਨੂੰ ਵੀ ਹੱਲ ਕੀਤਾ ਜਾਵੇਗਾ।

ਸਰਦਾਰ ਬਾਦਲ ਨੇ ਸਮਾਣਾ ਤੇ ਸ਼ੁਤਰਾਣਾ ਵਿਖੇ ਵੀ ਵਪਾਰੀਆਂ ਤੇ ਉਦਯੋਗ ਜਗਤ ਦੇ ਪ੍ਰਤੀਨਿਧਾਂ ਨਾਲ ਸਫਲ ਮੀਟਿੰਗਾਂ ਕੀਤੀਆਂ। ਵਪਾਰੀਆਂ ਨੇ ਸ਼ਿਕਾਇਤ ਕੀਤੀ ਕਿ ਨਸ਼ਿਆਂ ਕਾਰਨ ਹਿੰਸਾ ਕਈ ਗੁਣਾ ਵੱਧ ਗਈ ਹੈ ਜਿਸ ’ਤੇ ਅਕਾਲੀ ਦਲ ਦੇ ਪ੍ਰਧਾਨ ਨੇ ਭਰੋਸਾ ਦੁਆਇਆ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਨਸ਼ਿਆਂ ਦੇ ਵਪਾਰੀਆਂ ਨੂੰ 10 ਸਾਲ ਤੱਕ ਜ਼ਮਾਨਤ ਨਾ ਮਿਲਣੀ ਯਕੀਨੀ ਬਣਾਵੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਉਹਨਾਂ ਦੀਆਂ ਜਾਇਦਾਦਾਂ ਵੀ ਜ਼ਬਤ ਕੀਤੀਆਂ ਜਾਣਗੀਆਂ।ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੇ 10 ਸਾਲਾਂ ਦੇ ਕਾਰਜਕਾਲ ਦੀ ਤੁਲਨਾ ਕਾਂਗਰਸ ਤੇ ਆਪ ਦੇ 10 ਸਾਲਾਂ ਦੇ ਰਾਜ ਨਾਲ ਕਰਕੇ ਵੇਖਣ। ਉਹਨਾਂ ਕਿਹਾਕਿ ਤੁਹਾਨੂੰ ਆਪ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਮੁੱਖ ਮੰਤਰੀ ਸੂਬੇ ਨੂੰ ਤਰੱਕੀ ਤੇ ਵਿਕਾਸ ਦੇ ਰਸਤੇ ’ਤੇ ਲੈ ਕੇ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਕ ਪਾਸੇ ਸ਼ਰਾਬੀ ਤੇ ਪਿਆਕੜ ਮੁੱਖ ਮੰਤਰੀ ਹੈ ਤੇ ਦੂਜੇ ਪਾਸੇ ਅਕਾਲੀ ਦਲ ਦੀ ਲੀਡਰਸ਼ਿਪ ਹੈ ਜੋ ਤੇਜ਼ ਰਫਤਾਰ ਵਿਕਾਸ ਕਰਵਾ ਸਕਦੀ ਹੈ ਤੇ ਤਰੱਕੀ ਕਰਵਾ ਸਕਦੀ ਹੈ ਤੇ ਸੂਬੇ ਨੂੰ ਸ਼ਾਂਤੀ ਤੇ ਪ੍ਰਗਤੀ ਦੇ ਰਾਹ ’ਤੇ ਪਾ ਸਕਦੀ ਹੈ।ਇਸ ਮੌਕੇ ਪਟਿਆਲਾ ਦਿਹਾਤੀ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ, ਸਮਾਣਾ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ, ਸ਼ੁਤਰਾਣਾ ਦੇ ਇੰਚਾਰਜ ਕਬੀਰ ਦਾਸ ਤੇ ਹੋਰ ਸ਼ਖ਼ਸੀਅਤਾਂ ਨੇ ਵੀ ਸੰਬੋਧਨ ਕੀਤਾ।

# ਵਚਿੱਤਰ ਜੀਵ

*ਬੱਚਿਓ! ਸਾਡੀ ਦੁਨੀਆ ਬਹੁਤ ਸਾਰੇ ਅਜੀਬ ਤੇ ਵਚਿੱਤਰ ਜੀਵ-ਜੰਤੂਆਂ ਨਾਲ ਭਰੀ ਪਈ ਹੈ। ਆਓ ਅੱਜ ਅਸੀਂ ਇਨ੍ਹਾਂ 'ਚੋਂ ਕੁੱਝ ਜੀਵਾਂ ਬਾਰੇ ਤੁਹਾਨੂੰ ਜਾਣਕਾਰੀ ਦੇਈਏ...*

## ਮੀਰਕੈਟ



**ਇਹ** ਅਫਰੀਕਾ ਦੇ ਖ਼ੁਸ਼ਕ ਮਾਰੂਥਲਾਂ ਵਿਚ ਬੜੀ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਸ ਦਾ ਚਿਹਰਾ ਨੋਕਦਾਰ ਅਤੇ ਅੱਖਾਂ ਦੁਆਲੇ ਕਾਲੇ ਰੰਗ ਦੇ ਧੱਬੇ ਹੁੰਦੇ ਹਨ। ਪੂਛ ਪਤਲੀ ਤੇ ਕਾਲੇ ਰੰਗ ਦੀ ਹੁੰਦੀ ਹੈ। ਇਹ ਵੇਖਣ 'ਚ ਲੰਮੀ ਗਲਹਿਰੀ ਦੀ ਤਰ੍ਹਾਂ ਲਗਦਾ ਹੈ। ਇਹ ਇਕੱਲਾ ਨਹੀਂ ਰਹਿੰਦਾ, ਸਗੋਂ ਪੂਰੇ ਦਾ ਪੂਰਾ ਕੁਨਬਾ ਇਕੱਠਾ ਰਹਿੰਦਾ ਹੈ। ਇਸ ਦੀ ਰਹਿਣ ਵਾਲੀ ਜਗ੍ਹਾ ਡੂੰਘੀਆਂ ਖੁੱਡਾਂ ਦੇ ਰੂਪ ਵਿਚ ਹੁੰਦੀ ਹੈ। ਅਜਿਹਾ ਆਪਣੀ ਬਸਤੀ ਦੀ ਚੰਗੇ ਢੰਗ ਨਾਲ ਪਹਿਰੇਦਾਰੀ ਕਰਨ ਹਿੱਤ ਕੀਤਾ ਜਾਂਦਾ ਹੈ। ਇਸ ਦੀ ਖ਼ੁਰਾਕ ਵਿਚ ਕੀੜੇ ਮਕੌੜੇ, ਮੱਕੜੀਆਂ, ਮੋਟੀਆਂ ਸੁੰਡੀਆਂ, ਫਲ ਆਦਿ ਸ਼ਾਮਲ ਹਨ। ਪੇਟ ਭਰ ਜਾਣ ਬਾਅਦ ਇਹ ਪਿਛਲੇ ਪੈਰਾਂ ਭਾਰ ਬੈਠ ਜਾਂਦਾ ਹੈ। ਇਸ ਦੀਆਂ ਅੱਖਾਂ ਇਸ ਸਮੇਂ ਬੰਦ ਰਹਿੰਦੀਆਂ ਹਨ। ਵੇਖਣ ਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਪੇਟ ਭਰਨ ਬਾਅਦ ਇਹ ਸੁਸਤਾ ਰਿਹਾ ਹੈ। ਆਪਣੇ ਸਰੀਰਕ ਹਾਵ-ਭਾਵ ਅਤੇ ਆਵਾਜ਼ ਤੋਂ ਇਹ ਦੂਜੇ ਮੈਂਬਰਾਂ ਨੂੰ ਕਿਸੇ ਵੀ ਖ਼ਤਰੇ ਬਾਰੇ ਸੁਚੇਤ ਕਰ ਦਿੰਦਾ ਹੈ।

## ਆਸਟ੍ਰੇਲੀਅਨ ਡ੍ਰੈਗਨ




**ਇਹ** ਵੱਡੀ ਛਿਪਕਲੀ ਆਸਟਰੇਲੀਆ ਦੇ ਮੱਧ ਪੂਰਬ ਦੇ ਸੰਘਣੇ ਜੰਗਲਾਂ ਵਿਚ ਪਾਈ ਜਾਂਦੀ ਹੈ। ਇਸ ਜੀਵ ਦੀਆਂ ਕੁੱਝ ਵਿਸ਼ੇਸ਼ਤਾਵਾਂ ਮੀਜ਼ੋਟਿਕ ਕਾਲ ਦੇ ਡਾਇਨਾਸੋਰਾਂ ਨਾਲ ਮਿਲਦੀਆਂ ਹਨ। ਇਸ ਦੀ ਲੰਬਾਈ 90 ਸੈਂਟੀਮੀਟਰ ਦੇ ਆਸ ਪਾਸ ਹੁੰਦੀ ਹੈ। ਇਸ ਦੀ ਚਮੜੀ 'ਚ ਇਕ ਅਜਿਹੀ ਤਹਿ ਹੁੰਦੀ ਹੈ, ਜਿਸ ਨੂੰ ਇਹ ਜ਼ਰੂਰਤ ਪੈਣ 'ਤੇ ਫੈਲਾਅ ਲੈਂਦੀ ਹੈ। ਕਿਸੇ ਤਰ੍ਹਾਂ ਦਾ ਖ਼ਤਰਾ ਮਹਿਸੂਸ ਹੁੰਦੇ ਹੀ ਇਹ ਆਪਣਾ ਮੂੰਹ ਖੋਲ੍ਹ ਕੇ ਚਮੜੀ ਦੀ ਇਸ ਤਹਿ ਨੂੰ ਫੈਲਾਉਂਦੀ ਹੈ ਅਤੇ ਇਕ ਖ਼ਤਰਨਾਕ ਰੂਪ ਧਾਰ ਲੈਂਦੀ ਹੈ। ਨਾਲ ਹੀ ਇਸ ਦਾ ਰੰਗ ਗੂੜ੍ਹੇ ਭੂਰੇ ਤੋਂ ਬਦਲ ਕੇ ਪੀਲਾ ਸੰਤਰੀ ਧਾਰੀਦਾਰ ਹੋ ਜਾਂਦਾ ਹੈ। ਇਹ ਛਿਪਕਲੀ ਦਰੱਖਤਾਂ ਆਦਿ ਦੇ ਰਹਿਣਾ ਜ਼ਿਆਦਾ ਪਸੰਦ ਕਰਦੀ ਹੈ ਅਤੇ ਛੋਟੇ-ਛੋਟੇ ਜੀਵਾਂ ਅਤੇ ਪੰਛੀਆਂ ਦੇ ਆਂਡਿਆਂ ਨੂੰ ਆਪਣਾ ਭੋਜਨ ਬਣਾਉਂਦੀ ਹੈ।

## ਰੀਆ



**ਇਹ** ਇਕ ਨਾ ਉੱਡ ਸਕਣ ਵਾਲਾ ਪੰਛੀ ਹੈ। ਇਹ ਸ਼ੁਤਰਮੁਰਗ ਨਾਲ ਕਾਫ਼ੀ ਮਿਲਦਾ ਹੈ। ਇਸ ਨੂੰ ਦੱਖਣੀ ਅਫਰੀਕਾ ਦਾ ਸ਼ੁਤਰਮੁਰਗ ਵੀ ਆਖਿਆ ਜਾਂਦਾ ਹੈ। ਇਸ ਦੀ ਉਚਾਈ 7-8 ਫੁੱਟ ਤਕ ਹੁੰਦੀ ਹੈ, ਛਾਤੀ ਕਾਲੀ, ਰੰਗ ਭੂਰਾ ਅਤੇ ਗਰਦਨ ਪੀਲੀ ਹੁੰਦੀ ਹੈ। ਇਸ ਦੇ ਪੈਰਾਂ ਦੀਆਂ 3-3 ਉਂਗਲੀਆਂ ਹੁੰਦੀਆਂ ਹਨ। ਫਲ, ਫੁੱਲ ਅਤੇ ਛਿਪਕਲੀ ਇਸ ਦਾ ਮੁੱਖ ਭੋਜਨ ਹੈ। ਮਾਦਾ ਇਕੋ ਸਮੇਂ 5 ਤੋਂ 10 ਆਂਡੇ ਦਿੰਦੀ ਹੈ। ਇਸ ਪੰਛੀ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ। ਇਹ ਆਪਣੇ ਦੁਸ਼ਮਣ ਨੂੰ ਵੇਖਦੇ ਹੀ ਚੇਤੰਨ ਹੋ ਜਾਂਦਾ ਹੈ। ਇਹ ਉੱਡ ਨਹੀਂ ਸਕਦਾ, ਪਰ ਦੌੜਦਾ ਬਹੁਤ ਤੇਜ਼ ਹੈ। ਇਹ 25 ਤੋਂ 30 ਸਾਲ ਤਕ ਜੀਵਤ ਰਹਿ ਸਕਦਾ ਹੈ।

## ਸਫ਼ੈਦ ਸ਼ਾਰਕ



**ਇਹ** ਸਮੁੰਦਰ 'ਚ ਵਿਚਰਨ ਵਾਲਾ ਅਜਿਹਾ ਜੀਵ ਹੈ, ਜਿਸ ਦਾ ਮਨੁੱਖ ਤੋਂ ਇਲਾਵਾ ਹੋਰ ਕੋਈ ਦੁਸ਼ਮਣ ਨਹੀਂ ਹੈ, ਇਥੋਂ ਤਕ ਕਿ ਹਿੰਸਕ ਵੇਲ੍ਹ ਵੀ ਇਸ 'ਤੇ ਹਮਲਾ ਨਹੀਂ ਕਰਦੀ। ਇਹ ਸ਼ਾਰਕ ਲਗਪਗ 5 ਤੋਂ 7 ਮੀਟਰ ਤਕ ਲੰਬੀ ਅਤੇ ਭਾਰ ਦੋ ਟਨ ਦੇ ਲਗਪਗ ਹੁੰਦਾ ਹੈ। ਇਹ ਸਮੁੰਦਰ ਦੀ ਸਤ੍ਹਾ ਦੇ ਨਜ਼ਦੀਕ ਰਹਿਣਾ ਪਸੰਦ ਕਰਦੀ ਹੈ। ਕਦੀ ਕਦੀ ਗਹਿਰੇ ਪਾਣੀ 'ਚ ਵੀ ਚਲੀ ਜਾਂਦੀ ਹੈ। ਇਹ ਲਗਾਤਾਰ 15 ਦਿਨਾਂ ਭੁੱਖੀ ਰਹਿ ਸਕਦੀ ਹੈ। ਇਸ ਦੀ ਭੁੱਖ ਕਦੀ ਸ਼ਾਂਤ ਨਹੀਂ ਹੁੰਦੀ, ਬੇਸ਼ੱਕ ਜਿੰਨਾ ਮਰਜ਼ੀ ਖਾ ਲਵੇ। ਆਪਣੇ ਭੋਜਨ ਦੇ ਰੂਪ 'ਚ ਇਹ ਕਿਸੇ ਵੀ ਜਿਉਂਦੇ ਜੀਵ ਨੂੰ ਖਾ ਸਕਦੀ ਹੈ। ਇਸਦੇ ਦੰਦ ਸਟੀਲ ਵਾਂਗ ਮਜ਼ਬੂਤ ਹੁੰਦੇ ਹਨ।

## ਗੂਗਲ

*ਦੁਨੀਆ ਦਾ ਸਭ ਤੋਂ ਵੱਡੇ ਸਰਚ ਇੰਜਣ ਗੂਗਲ ਬਾਰੇ ਕਈ ਅਜਿਹੇ ਤੱਤ ਹਨ ਜਿਨ੍ਹਾਂ ਬਾਰੇ ਤੁਸੀਂ ਸ਼ਾਇਦ ਹੀ ਜਾਣਦੇ ਹੋ। ਅਸੀਂ ਅੱਜ ਗੂਗਲ ਦੇ ਨਾਮਕਰਨ ਤੋਂ ਲਾ ਕੇ ਉਸ ਦੀ ਪਹਿਲੀ ਟਵੀਟ ਤਕ ਦੀ ਜਾਣਕਾਰੀ ਦੇਵਾਂਗੇ...*

- ਤੁਹਾਨੂੰ ਸ਼ਾਇਦ ਹੀ ਪਤਾ ਹੋਵੇ ਕਿ ਗੂਗਲ ਦਾ ਅਸਲੀ ਨਾਂ ਬੈਕਰਬ ਹੈ।
- ਗੂਗਲ ਨੂੰ ਆਪਣਾ ਨਾਂ ਦੁਰਘਟਨਾ ਕਾਰਨ ਹੀ ਮਿਲਿਆ ਹੈ। ਇਸ ਦੇ ਸੰਸਥਾਪਕ ਨੇ ਲਿਖਦੇ ਸਮੇਂ ਗਲਤ ਵਰਤਣੀ ਚਲਾ ਦਿੱਤੀ ਜਿਸ 'ਚ 1 ਅੰਕ ਤੋਂ ਬਾਅਦ 100 ਜ਼ੀਰੋ ਸੀ।
- ਇਕ ਖੋਜ ਅਨੁਸਾਰ ਗੂਗਲ 'ਤੇ ਹਰ ਮਿੰਟ 'ਚ 2 ਮਿਲੀਅਨ ਖੋਜਾਂ ਕੀਤੀਆਂ ਜਾਂਦੀਆਂ ਹਨ।
- ਹਰ ਦਿਨ ਗੂਗਲ 'ਤੇ 16 ਫ਼ੀਸਦੀ ਅਜਿਹੀਆਂ ਖੋਜਾਂ ਖੋਜੀਆਂ ਜਾਂਦੀਆਂ ਹਨ ਜੋ ਗੂਗਲ 'ਤੇ ਨਵੀਆਂ ਹੁੰਦੀਆਂ ਹਨ।
- ਗੂਗਲ ਇਮੇਜ਼ 'ਤੇ ਜਦੋਂ ਤੁਸੀਂ atari breakout ਖੋਜ ਕਰਦੇ ਹੋ ਤਾਂ ਤੁਹਾਡੀ ਸਕਰੀਨ 'ਤੇ ਇਕ ਖੇਡ ਦਿਖਾਈ ਦੇਵੇਗੀ।
- ਗੂਗਲ ਦੀ ਮੇਲ ਜੀਮੇਲ ਨੂੰ ਇਕ ਅਪ੍ਰੈਲ 2004 ਨੂੰ ਲਾਂਚ ਕੀਤਾ ਗਿਆ ਸੀ।
- ਇਹ ਹਰ ਸਾਲ 20 ਬਿਲੀਅਨ ਡਾਲਰ ਸਿਰਫ਼ ਵਿਗਿਆਪਨ ਤੋਂ ਪ੍ਰਾਪਤ ਕਰਦਾ ਹੈ।
- ਗੂਗਲ ਮੈਪ ਪਾਣੀ ਅੰਦਰ ਵੀ ਆਪਣੀਆਂ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ। ਜਿਸ ਨੂੰ ਤੁਸੀਂ ਅੰਡਰ ਵਾਟਰ ਸੀ ਲਾਈਫ਼, ਕੋਰਲ ਰੀਫ਼ ਨੂੰ ਗੂਗਲ ਮੈਪ ਦੀ ਸਹਾਇਤਾ ਨਾਲ ਦੇਖ ਸਕਦੇ ਹੋ।
- ਗੂਗਲ ਨੇ ਆਪਣਾ ਪਹਿਲਾ ਟਵੀਟ ਬਾਇਨਰੀ ਭਾਸ਼ਾ 'ਚ ਕੀਤਾ ਸੀ।

## ਜਲੰਧਰ ਦਿਹਾਤੀ ਪੁਲਸ ਦੀ ਵੱਡੀ ਸਫ਼ਲਤਾ: ਢਾਈ ਕਰੋੜ ਦੀ ਹੈਰੋਇਨ ਸਣੇ ਕਤਲ ਕੇਸ ਦਾ ਮੁਲਜ਼ਮ ਕਾਬੂ

ਲੋਹੀਆਂ ਖ਼ਾਸ 5 ਨਵੰਬਰ। ਪੰਜਾਬ ਸਰਕਾਰ ਅਤੇ ਡੀ. ਜੀ. ਪੀ. ਪੰਜਾਬ ਦੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਲੰਧਰ ਦਿਹਾਤੀ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਹਾਸਲ ਹੋਈ, ਜਦੋਂ ਥਾਣਾ ਲੋਹੀਆਂ ਦੀ ਪੁਲਸ ਨੇ ਕਰੀਬ 2.5 ਕਰੋੜ ਰੁਪਏ ਦੀ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ। ਫੜੇ ਗਏ ਮੁਲਜ਼ਮ ਖ਼?ਲਾਫ਼ ਪਹਿਲਾਂ ਵੀ ਕਤਲ ਅਤੇ ਅਸਲਾ ਐਕਟ ਦਾ ਸੰਗੀਨ ਮਾਮਲਾ ਦਰਜ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਸਬ-ਡਵੀਜ਼ਨ ਸ਼ਾਹਕੋਟ ਸਰਵਨ ਸਿੰਘ ਬੱਲ ਨੇ ਦੱਸਿਆ ਕਿ ਥਾਣਾ ਲੋਹੀਆਂ ਦੇ ਮੁੱਖ ਅਫ਼ਸਰ ਇੰਸਪੈਕਟਰ ਸੁਖਵਿੰਦਰ ਪਾਲ ਸਿੰਘ ਮੁਲਤਾਨੀ ਦੀ ਅਗਵਾਈ ਹੇਠ ਪੁਲਸ ਪਾਰਟੀ ਇਲਾਕੇ ਵਿਚ ਗਸ਼ਤ ਕਰ ਰਹੀ ਸੀ। ਗਸ਼ਤ ਦੌਰਾਨ ਪਿੰਡ ਫੁੱਲ ਘੁੱਦਵਾਲ ਤੋਂ ਪਿੱਛੇ ਨਵੇਂ ਬਣ ਰਹੇ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਦੇ ਪੁਲ ਕੋਲ ਇਕ ਮੋਟਰਸਾਈਕਲ ਸਵਾਰ ਸ਼ੱਕੀ ਨੌਜਵਾਨ ਨੂੰ ਕਾਬੂ ਕੀਤਾ ਗਿਆ। ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿਚੋਂ 505 ਗ੍ਰਾਮ ਹੈਰੋਇਨ (ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਕਰੀਬ 2 ਕਰੋੜ 50 ਲੱਖ ਰੁਪਏ ਦੱਸੀ ਜਾ ਰਹੀ ਹੈ) ਬਰਾਮਦ ਹੋਈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਲਵਪ੍ਰੀਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪੀਰ ਮੁਹੰਮਦ, ਥਾਣਾ ਮੱਖੂ, ਜ਼ਿਲਾ ਫ਼?ਰੋਜ਼ਪੁਰ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮ ਦਾ ਮੋਟਰਸਾਈਕਲ ਜ਼ਬਤ ਕਰ ਕੇ ਉਸ ਖ਼?ਲਾਫ਼ ਥਾਣਾ ਲੋਹੀਆਂ ਵਿਖੇ ਐੱਨ. ਡੀ. ਪੀ. ਐੱਸ. ਐਕਟ ਤਹਿਤ ਮੁਕੱਦਮਾ ਨੰਬਰ 186 ਦਰਜ ਕਰ ਲਿਆ ਹੈ। ਪੁਲਸ ਰਿਕਾਰਡ ਦੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਉਕਤ ਮੁਲਜ਼ਮ ਖ਼?ਲਾਫ਼ ਥਾਣਾ ਮੱਖੂ ਵਿਖੇ ਪਹਿਲਾਂ ਵੀ ਕਤਲ (ਧਾਰਾ 302 ਆਈ. ਪੀ. ਸੀ.) ਅਤੇ ਅਸਲਾ ਐਕਟ ਤਹਿਤ ਪਰਚਾ ਦਰਜ ਹੈ।

# ਪੂਰਵ ਦਿਸ਼ਾ ਦੇ ਵੱਲ ਜਾਣ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2026

**ਦੀਵਾਲੀ ਅਤੇ ਛੱਠ ਪੂਜਾ ਤਿਉਹਾਰ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉਤਰ ਰੇਲਵੇ ਦੁਆਰਾ ਹੋਰ ਖੇਤਰੀ ਰੇਲਾਂ ਦੇ ਸਹਿਯੋਗ ਨਾਲ ਮਿਤੀ 06.11.2026 ਤੋਂ 07.11.2026 ਤਕ ਪੂਰਵ ਦਿਸ਼ਾ ਦੇ ਵਲ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-**

## ਮਿਤੀ 06.11.2026 (ਸ਼ੁਕਰਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਪ੍ਰਸਥਾਨ ਕਰਨ ਵਾਲੀਆਂ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਸਥਾਨ | ਠਹਿਰਾਓ |
|---|---|---|---|---|---|---|
| 02436 | ਨਵੀਂ ਦਿੱਲੀ ਵੰਦੇ ਭਾਰਤ ਐਕਸਪ੍ਰੈਸ | 08:35 | ਪਟਨਾ ਜੰ. | 21:30 | ਐਗਜੀਕਯੂਟਿਵ ਚੇਅਰਕਾਰ ਅਤੇ ਏਸੀ ਚੇਅਰ ਕਾਰ | ਅਲੀਗੜ ਜੰ., ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 04028 | ਆਨੰਦ ਵਿਹਾਰ (ਟ.) | 09:15 | ਮੁਜਫਰਪੁਰ ਜੰ. | 04:30 | ਫਸਟ ਏਸੀ, 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਅਮਰੋਹਾ, ਮੁਰਾਦਾਬਾਦ ਬਰੇਲੀ (ਐਨਆਰ), ਸ਼ਾਹਜਹਾਂਪੁਰ ਜੰ., ਸੀਤਾਪੁਰ ਜੰ., ਗੋਂਡਾ ਜੰ., ਬਸਤੀ, ਗੋਰਖਪੁਰ ਜੰ., ਦੇਵਰਿਯਾ ਸਦਰ, ਸਿਵਾਨ ਜੰ., ਛਪਰਾ, ਸੋਨਪੁਰ ਅਤੇ ਹਾਜੀਪੁਰ ਜੰ., |
| 04014 | ਆਨੰਦ ਵਿਹਾਰ (ਟ.) | 15:40 | ਲੌਕਹਾ ਬਾਜਾਰ | 20:15 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਮੁਰਾਦਾਬਾਦ, ਬਰੇਲੀ (ਐਨਆਰ), ਸ਼ਾਹਜਹਾਂਪੁਰ ਜੰ., ਸੀਤਾਪੁਰ ਜੰ., ਗੋਂਡਾ, ਜੰ., ਗੋਰਖਪੁਰ ਜੰ., ਕਪਤਾਨਗੰਜ ਜੰ. ਸਿਸਵਾ ਬਾਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਬੈਰਗਨਿਯਾ, ਸੀਤਾਮੜੀ ਜੰ., ਸ਼ੀਸ਼ੋ ਜੰ., ਸਕਰੀ ਜੰ., ਝੰਝਾਰਪੁਰ ਅਤੇ ਵਾਚਸਪਤਿ ਨਗਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਲਿਪੁਤਰ ਜੰ. | 23:00 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਵਾਰਾਨਸੀ, ਗਾਜੀਪੁਰ ਸਿਟੀ, ਫੇਫਨਾ ਜੰ., ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04072 | ਨਵੀਂ ਦਿੱਲੀ | 21:35 | ਸੁਪੌਲ ਜੰ. | 06:35 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ ਅਲੀਗੜ ਜੰ., ਟੂੰਡਲਾ ਜੰ., ਇਟਾਵਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਗਿਆਨਪੁਰ ਰੋਡ, ਵਾਰਾਨਸੀ, ਔੜਿਹਾਰ ਜੰ., ਗਾਜੀਪੁਰ ਸਿਟੀ, ਬਲਿਯਾ, ਸੁਰੇਮਨਪੁਰ, ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਯ, ਖਗੜਿਯਾ ਜੰ., ਮਾਨਸੀ ਜੰ., ਸਿਮਰੀ ਬਖਿਤਯਾਰਪੁਰ ਅਤੇ ਸਹਰਸਾ ਜੰ. |
| 04052 | ਨਵੀਂ ਦਿੱਲੀ | 18:15 | ਹਾਵੜਾ | 23:40 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ ਅਲੀਗੜ ਜੰ., ਟੂੰਡਲਾ ਜੰ., ਇਟਾਵਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਪਟਨਾ ਜੰ., ਬਖਿਤਯਾਰਪੁਰ ਜੰ., ਕਿਊਲ ਜੰ., ਝਾਝਾ, ਜਸੀਡੀਹ ਜੰ., ਮਧੁਪੁਰ ਜੰ., ਚਿਤਰੰਜਨ, ਆਸਨਸੋਲ ਜੰ., ਦੁਰਗਾਪੁਰ, ਬਰਧਮਾਨ ਅਤੇ ਬੰਡੇਲ |
| 04062 | ਆਨੰਦ ਵਿਹਾਰ (ਟ.) | 12:00 | ਭਾਗਲਪੁਰ | 13:30 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ ਜੰ., ਤਿਲੈਯਾ, ਨਵਾਦਾ, ਵਾਰਿਸਲੀਗੰਜ, ਸ਼ੇਖਪੁਰਾ, ਕਿਊਲ ਜੰ., ਅਭਯਪੁਰ, ਜਮਾਲਪੁਰ ਜੰ. ਅਤੇ ਸੁਲਤਾਨਗੰਜ |
| 04090 | ਨਵੀਂ ਦਿੱਲੀ | 23:30 | ਦਾਨਾਪੁਰ | 15:00 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਦਿੱਲੀ ਜੰ., ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ. ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 04098 | ਸ਼ਕੂਰ ਬਸਤੀ | 09:20 | ਦਰਭੰਗਾ ਜੰ. | 11:45 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹ ਨਗਰ, ਬਾਰਾਬੰਕੀ ਜੰ., ਬੁੜਵਲ ਜੰ., ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ ਜੰ., ਸਿਸਵਾ ਬਾਜਾਰ, ਬਗਹਾ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਘੋੜਾਸਹਨ, ਬੈਰਗਨਿਯਾ, ਸੀਤਾਮੜੀ ਜੰ., ਜਨਕਪੁਰ ਰੋਡ ਅਤੇ ਕਮਤੌਲ |
| 04064 | ਦਿੱਲੀ ਜੰ. | 11:00 | ਗਯਾ ਜੰ. | 07:15 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ ਅਤੇ ਅਨੁਗ੍ਰਹ ਨਾਰਾਯਨ ਰੋਡ |
| 04088 | ਨਵੀਂ ਦਿੱਲੀ | 15:50 | ਪਟਨਾ ਜੰ. | 12:45 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਦਿਲਦਾਰ ਨਗਰ ਜੰ., ਬਕਸਰ ਰਘੁਨਾਥਪੁਰ ਅਤੇ ਆਰਾ |
| 04406 | ਸ਼ਕੂਰ ਬਸਤੀ | 19:10 | ਮਾਨਸੀ ਜੰ. | 02:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਇਟਾਵਾ ਜੰ., ਕਾਨਪੁਰ ਸੈਂਟ੍ਰਲ, ਓਨਾਵ ਅਤੇ ਏਸ਼ਬਾਗ, ਬਾਦਸ਼ਾਹ ਨਗਰ, ਬਾਰਾਬੰਕੀ ਜੰ., ਗੋਂਡਾ ਜੰ., ਬਸਤੀ, ਖਲੀਲਾਬਾਦ, ਗੋਰਖਪੁਰ ਜੰ. ਅਤੇ ਦੇਵਰਿਯਾ ਸਦਰ, ਸਿਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਯ ਅਤੇ ਖਗੜਿਯਾ ਜੰ. |
| 04404 | ਸ਼ਕੂਰ ਬਸਤੀ | 15:15 | ਪਟਨਾ ਜੰ. | 14:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ ਅਤੇ ਦਾਨਾਪੁਰ |
| 04410 | ਸ਼ਕੂਰ ਬਸਤੀ | 13:00 | ਝੰਝਾਰਪੁਰ ਜੰ. | 16:00 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ ਜੰ., ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ ਜੰ., ਬਗਹਾ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਘੋੜਾਸਹਨ, ਬੈਰਗਨਿਯਾ, ਸੀਤਾਮੜੀ ਜੰ., ਜਨਕਪੁਰ ਰੋਡ, ਕਮਤੌਲ, ਸ਼ੀਸ਼ੋ ਜੰ. ਅਤੇ ਸਕਰੀ ਜੰ. |
| 04022 | ਨਵੀਂ ਦਿੱਲੀ | 14:30 | ਗੋਰਖਪੁਰ ਜੰ. | 04:10 | ਫਸਟ ਏਸੀ., 2 ਟੀਯਰ ਏਸੀ. 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ (ਐਨਆਰ), ਸ਼ਾਹਜਹਾਂਪੁਰ ਜੰ., ਹਰਦੋਈ, ਲਖਨਊ ਜੰ., ਗੋਂਡਾ ਜੰ., ਬਸਤੀ ਅਤੇ ਖਲੀਲਾਬਾਦ |
| 04058 | ਆਨੰਦ ਵਿਹਾਰ (ਟ.) | 00:20 | ਛਪਰਾ ਜੰ. | 19:20 | ਫਸਟ ਏਸੀ., 2 ਟੀਯਰ ਏਸੀ. 3 ਟੀਯਰ ਏਸੀ., | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਗਿਆਨਪੁਰ ਰੋਡ, ਵਾਰਾਨਸੀ, ਸਾਰਨਾਥ ਔੜਿਹਾਰ ਜੰ., ਗਾਜੀਪੁਰ ਸਿਟੀ, ਫੇਫਨਾ ਜੰ., ਬਲਿਯਾ, ਰੇਵਤੀ ਅਤੇ ਸੁਰੇਮਨਪੁਰ |
| 04066 | ਆਨੰਦ ਵਿਹਾਰ (ਟ.) | 05:00 | ਸਬੌਰ | 07:00 | 2 ਟੀਯਰ ਏਸੀ. 3 ਟੀਯਰ ਏਸੀ., | ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ ਜੰ., ਤਿਲੈਯਾ ਵਾਰਿਸਲੀਗੰਜ, ਸ਼ੇਖਪੁਰਾ, ਕਿਊਲ ਜੰ., ਅਭਯਪੁਰ, ਜਮਾਲਪੁਰ ਜੰ. ਸੁਲਤਾਨਗੰਜ ਅਤੇ ਭਾਗਲਪੁਰ |
| 04214 | ਆਨੰਦ ਵਿਹਾਰ (ਟ.) | 09:00 | ਅਯੁਧਿਆ ਕੈਂਟ | 22:00 | 2 ਟੀਯਰ ਏਸੀ. 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਅਮਰੋਹਾ, ਮੁਰਾਦਾਬਾਦ, (ਐਨਆਰ), ਸ਼ਾਹਜਹਾਂਪੁਰ ਜੰ., ਲਖਨਊ ਜੰ., ਅਤੇ ਬਾਰਾਬੰਕੀ ਜੰ. |
| 02564 | ਨਵੀਂ ਦਿੱਲੀ | 17:55 | ਬਰੌਨੀ ਜੰ. | 15:10 | 3 ਟੀਯਰ ਏਸੀ. 3 ਟੀਯਰ ਏਸੀ., (ਇਕੋਨੌਮੀ), ਸਲੀਪਰ | ਕਾਨਪੁਰ ਸੈਂਟ੍ਰਲ, ਐਸ਼ਬਾਗ, ਬਸਤੀ, ਗੋਰਖਪੁਰ ਜੰ., ਦੇਵਰਿਯਾ ਸਦਰ, ਸਿਵਾਨ ਜੰ., ਛਪਰਾ ਅਤੇ ਮੁਜਫਰਪੁਰ ਜੰ. |
| 02570 | ਨਵੀਂ ਦਿੱਲੀ | 12:15 | ਦਰਭੰਗਾ ਜੰ. | 10:00 | 3 ਟੀਯਰ ਏਸੀ. 3 ਟੀਯਰ ਏਸੀ., (ਇਕੋਨੌਮੀ), ਸਲੀਪਰ | ਕਾਨਪੁਰ ਸੈਂਟ੍ਰਲ, ਐਸ਼ਬਾਗ, ਬਸਤੀ, ਗੋਰਖਪੁਰ ਜੰ., ਦੇਵਰਸਿਆਂ ਸਦਰ, ਸਿਵਾਨ ਜੰ., ਛਪਰਾ, ਮੁਜਫਰਪੁਰ ਜੰ. ਅਤੇ ਸਮਸਤੀਪੁਰ ਜੰ. |
| 04164 | ਸ਼ਕੂਰ ਬਸਤੀ | 21:30 | ਨਾਰਾਯਨਪੁਰ ਬਾਜਾਰ | 12:25 | ਫਸਟ ਏਸੀ., 2 ਟੀਯਰ ਏਸੀ. 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਦਾਦਰੀ, ਖੁਰਜਾ ਜੰ., ਅਲੀਗੜ ਜੰ., ਹਾਥਰਸ ਜੰ., ਟੂੰਡਲਾ ਜੰ. ਸ਼ਿਕੋਹਾਬਾਦ ਜੰ., ਇਟਾਵਾ ਜੰ., ਫਫੂੰਦ, ਕਾਨਪੁਰ ਸੈਂਟ੍ਰਲ, ਬਿੰਦਕੀ ਰੋਡ, ਫਤੇਹਪੁਰ, ਸਿਰਾਥੂ, ਭਰਵਾਰੀ, ਪ੍ਰਯਾਗਰਾਜ ਜੰ., ਕਰਛਨਾ, ਮੇਜਾ ਰੋਡ, ਮਿਰਜਾਪੁਰ ਅਤੇ ਚੁਨਾਰ |
| 02456 | ਨਵੀਂ ਦਿੱਲੀ | 07:45 | ਕਾਨਪੁਰ ਸੈਂਟ੍ਰਲ | 13:15 | 3 ਟੀਯਰ ਏਸੀ. ਅਤੇ ਸਲੀਪਰ | ਅਲੀਗੜ ਜੰ. ਅਤੇ ਇਟਾਵਾ ਜੰ. |

## ਮਿਤੀ 07.11.2026 (ਸ਼ਨੀਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਪ੍ਰਸਥਾਨ ਕਰਨ ਵਾਲੀਆਂ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਸਥਾਨ | ਠਹਿਰਾਓ |
|---|---|---|---|---|---|---|
| 02252 | ਨਵੀਂ ਦਿੱਲੀ ਵੰਦੇ ਭਾਰਤ ਐਕਸਪ੍ਰੈਸ | 08:35 | ਪਟਨਾ ਜੰ. | 21:30 | ਐਗਜੀਕਯੂਟਿਵ ਚੇਅਰਕਾਰ ਅਤੇ ਏਸੀ ਚੇਅਰ ਕਾਰ | ਅਲੀਗੜ ਜੰ., ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 04008 | ਆਨੰਦ ਵਿਹਾਰ (ਟ.) | 08:30 | ਜੋਗਬਨੀ | 15:00 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਗੜਮੁਕਤੇਸ਼ਵਰ, ਮੁਰਾਦਾਬਾਦ, ਬਰੇਲੀ (ਐਨਆਰ), ਸ਼ਾਹਜਹਾਂਪੁਰ ਜੰ., ਸੀਤਾਪੁਰ ਜੰ., ਗੋਂਡਾ ਜੰ., ਗੋਰਖਪੁਰ ਜੰ., ਦੇਵਰਿਯਾ ਸਦਰ, ਸਿਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਯ, ਖਗੜਿਯਾ ਜੰ., ਮਾਨਸੀ ਜੰ., ਨਵਗਛਿਯਾ, ਕਟਿਹਾਰ ਜੰ., ਪੂਰਨੀਆਂ ਜੰ., ਅਰਰਿਯਾ ਕੋਰਟ ਜੰ. ਅਤੇ ਫਾਰਬਿਸਗੰਜ ਜੰ. |
| 04014 | ਆਨੰਦ ਵਿਹਾਰ (ਟ.) | 15:40 | ਲੌਕਹਾ ਬਾਜਾਰ | 20:15 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਮੁਰਾਦਾਬਾਦ, ਬਰੇਲੀ (ਐਨਆਰ), ਸ਼ਾਹਜਹਾਂਪੁਰ ਜੰ., ਸੀਤਾਪੁਰ ਜੰ., ਗੋਂਡਾ, ਜੰ., ਗੋਰਖਪੁਰ ਜੰ., ਕਪਤਾਨਗੰਜ ਜੰ. ਸਿਸਵਾ ਬਾਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਬੈਰਗਨਿਯਾ, ਸੀਤਾਮੜੀ ਜੰ., ਸ਼ੀਸ਼ੋ ਜੰ., ਸਕਰੀ ਜੰ., ਝੰਝਾਰਪੁਰ ਅਤੇ ਵਾਚਸਪਤਿ ਨਗਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਲਿਪੁਤਰ | 23:00 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਵਾਰਾਨਸੀ, ਗਾਜੀਪੁਰ ਸਿਟੀ, ਫੇਫਨਾ ਜੰ., ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04072 | ਨਵੀਂ ਦਿੱਲੀ | 21:35 | ਸੁਪੌਲ ਜੰ. | 06:35 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ ਅਲੀਗੜ ਜੰ., ਟੂੰਡਲਾ ਜੰ., ਇਟਾਵਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਗਿਆਨਪੁਰ ਰੋਡ, ਵਾਰਾਨਸੀ, ਔੜਿਹਾਰ ਜੰ., ਗਾਜੀਪੁਰ ਸਿਟੀ, ਬਲਿਯਾ, ਸੁਰੇਮਨਪੁਰ, ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਯ, ਖਗੜਿਯਾ ਜੰ., ਮਾਨਸੀ ਜੰ., ਸਿਮਰੀ ਬਖਿਤਯਾਰਪੁਰ ਅਤੇ ਸਹਰਸਾ ਜੰ. |
| 04062 | ਆਨੰਦ ਵਿਹਾਰ (ਟ.) | 12:00 | ਭਾਗਲਪੁਰ | 13:30 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ ਜੰ., ਤਿਲੈਯਾ, ਨਵਾਦਾ, ਵਾਰਿਸਲੀਗੰਜ, ਸ਼ੇਖਪੁਰਾ, ਕਿਊਲ ਜੰ., ਅਭਯਪੁਰ, ਜਮਾਲਪੁਰ ਜੰ. ਅਤੇ ਸੁਲਤਾਨਗੰਜ |
| 04098 | ਸ਼ਕੂਰ ਬਸਤੀ | 09:20 | ਦਰਭੰਗਾ ਜੰ. | 11:45 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹ ਨਗਰ, ਬਾਰਾਬੰਕੀ ਜੰ., ਬੁੜਵਲ ਜੰ., ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ ਜੰ., ਸਿਸਵਾ ਬਾਜਾਰ, ਬਗਹਾ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਘੋੜਾਸਹਨ, ਬੈਰਗਨਿਯਾ, ਸੀਤਾਮੜੀ ਜੰ., ਜਨਕਪੁਰ ਰੋਡ ਅਤੇ ਕਮਤੌਲ |
| 04076 | ਦਿੱਲੀ ਜੰ. | 00:30 | ਕਾਮਾਖਯਾ ਜੰ. | 21:15 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੌ, ਬਰੌਨੀ ਜੰ., ਬੇਗੂਸਰਾਯ, ਖਗੜਿਯਾ ਜੰ., ਮਾਨਸੀ ਜੰ., ਨਵਗਛਿਯਾ, ਕਟਿਹਾਰ ਜੰ., ਬਾਰਸੋਈ ਜੰ., ਕਿਸ਼ਨਗੰਜ, ਨਿਊ ਜਲਪਾਈਗੁੜੀ, ਨਿਊ ਕੂਚਬਿਹਾਰ, ਨਿਊ ਅਲੀਪੁਰਦਵਾਰ, ਕੋਕਰਾਝਾਰ, ਨਿਊ ਬੋਂਗਾਈਗਾਂਵ, ਬਰਪੇਟਾ ਰੋਡ ਅਤੇ ਰੰਗਿਯਾ ਜੰ. |
| 04088 | ਨਵੀਂ ਦਿੱਲੀ | 15:50 | ਪਟਨਾ ਜੰ. | 12:45 | 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਦਿਲਦਾਰ ਨਗਰ ਜੰ., ਬਕਸਰ ਰਘੁਨਾਥਪੁਰ ਅਤੇ ਆਰਾ |
| 04406 | ਸ਼ਕੂਰ ਬਸਤੀ | 19:10 | ਮਾਨਸੀ ਜੰ. | 02:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਇਟਾਵਾ ਜੰ., ਕਾਨਪੁਰ ਸੈਂਟ੍ਰਲ, ਓਨਾਵ ਅਤੇ ਏਸ਼ਬਾਗ, ਬਾਦਸ਼ਾਹ ਨਗਰ, ਬਾਰਾਬੰਕੀ ਜੰ., ਗੋਂਡਾ ਜੰ., ਬਸਤੀ, ਖਲੀਲਾਬਾਦ, ਗੋਰਖਪੁਰ ਜੰ. ਅਤੇ ਦੇਵਰਿਯਾ ਸਦਰ, ਸਿਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਯ ਅਤੇ ਖਗੜਿਯਾ ਜੰ. |
| 04404 | ਸ਼ਕੂਰ ਬਸਤੀ | 15:15 | ਪਟਨਾ ਜੰ. | 14:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ ਅਤੇ ਦਾਨਾਪੁਰ |
| 04410 | ਸ਼ਕੂਰ ਬਸਤੀ | 13:00 | ਝੰਝਾਰਪੁਰ ਜੰ. | 16:00 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ ਜੰ., ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ ਜੰ., ਬਗਹਾ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਘੋੜਾਸਹਨ, ਬੈਰਗਨਿਯਾ, ਸੀਤਾਮੜੀ ਜੰ., ਜਨਕਪੁਰ ਰੋਡ, ਕਮਤੌਲ, ਸ਼ੀਸ਼ੋ ਜੰ. ਅਤੇ ਸਕਰੀ ਜੰ. |
| 04066 | ਆਨੰਦ ਵਿਹਾਰ (ਟ.) | 05:00 | ਸਬੌਰ | 07:00 | 2 ਟੀਯਰ ਏਸੀ. ਅਤੇ 3 ਟੀਯਰ ਏਸੀ., | ਗਾਜੀਆਬਾਦ, ਅਲੀਗੜ ਜੰ., ਟੂੰਡਲਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ ਜੰ., ਤਿਲੈਯਾ ਵਾਰਿਸਲੀਗੰਜ, ਸ਼ੇਖਪੁਰਾ, ਕਿਊਲ ਜੰ., ਅਭਯਪੁਰ, ਜਮਾਲਪੁਰ ਜੰ. ਸੁਲਤਾਨਗੰਜ ਅਤੇ ਭਾਗਲਪੁਰ |
| 04054 | ਨਵੀਂ ਦਿੱਲੀ | 18:15 | ਹਾਵੜਾ ਜੰ. | 23:40 | 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਗਾਜੀਆਬਾਦ ਅਲੀਗੜ ਜੰ., ਟੂੰਡਲਾ ਜੰ., ਇਟਾਵਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਪਟਨਾ ਜੰ., ਬਖਿਤਯਾਰਪੁਰ ਜੰ., ਕਿਊਲ ਜੰ., ਝਾਝਾ, ਜਸੀਡੀਹ ਜੰ., ਮਧੁਪੁਰ ਜੰ., ਚਿਤਰੰਜਨ, ਆਸਨਸੋਲ ਜੰ., ਦੁਰਗਾਪੁਰ, ਬਰਧਮਾਨ ਅਤੇ ਬੰਡੇਲ |
| 04210 | ਦਿੱਲੀ ਜੰ. | 18:50 | ਵਾਰਾਨਸੀ ਜੰ. | 09:50 | 2 ਟੀਯਰ ਏਸੀ. 3 ਟੀਯਰ ਏਸੀ., ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਹਾਪੁੜ, ਗਜਰੌਲਾ ਜੰ., ਮੁਰਾਦਾਬਾਦ, ਰਾਮਪੁਰ, ਹਰਦੋਈ, ਲਖਨਊ ਜੰ., ਰਾਯਬਰੇਲੀ ਜੰ. ਅਤੇ ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ |
| 02564 | ਨਵੀਂ ਦਿੱਲੀ | 17:55 | ਬਰੌਨੀ ਜੰ. | 15:10 | 3 ਟੀਯਰ ਏਸੀ. 3 ਟੀਯਰ ਏਸੀ., (ਇਕੋਨੌਮੀ), ਸਲੀਪਰ | ਕਾਨਪੁਰ ਸੈਂਟ੍ਰਲ, ਐਸ਼ਬਾਗ, ਬਸਤੀ, ਗੋਰਖਪੁਰ ਜੰ., ਦੇਵਰਿਯਾ ਸਦਰ, ਸਿਵਾਨ ਜੰ., ਛਪਰਾ ਅਤੇ ਮੁਜਫਰਪੁਰ ਜੰ. |
| 02570 | ਨਵੀਂ ਦਿੱਲੀ | 12:15 | ਦਰਭੰਗਾ ਜੰ. | 10:00 | 3 ਟੀਯਰ ਏਸੀ. 3 ਟੀਯਰ ਏਸੀ., (ਇਕੋਨੌਮੀ), ਸਲੀਪਰ | ਕਾਨਪੁਰ ਸੈਂਟ੍ਰਲ, ਐਸ਼ਬਾਗ, ਬਸਤੀ, ਗੋਰਖਪੁਰ ਜੰ., ਦੇਵਰਿਯਾ ਸਦਰ, ਸਿਵਾਨ ਜੰ., ਛਪਰਾ ਅਤੇ ਮੁਜਫਰਪੁਰ ਜੰ. ਅਤੇ ਸਮਸਤੀਪੁਰ ਜੰ. |
| 03640 | ਸ਼ਕੂਰ ਬਸਤੀ | 21:10 | ਧਨਬਾਦ ਜੰ. | 23:45 | 2 ਟੀਯਰ ਏਸੀ. 3 ਟੀਯਰ ਏਸੀ., (ਇਕੋਨੌਮੀ) ਸਲੀਪਰ ਅਤੇ ਜਨਰਲ | ਦਿੱਲੀ ਜੰ., ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ ਗਯਾ ਜੰ., ਕੋਡਰਮਾ, ਹਜਾਰੀਬਾਗ ਰੋਡ, ਪਾਰਸਨਾਥ ਅਤੇ ਐਨਐਸਸੀ ਬੋਸ ਜੰ. ਗੋਮੋ |
| 05220 | ਆਨੰਦ ਵਿਹਾਰ (ਟ.) | 12:00 | ਮੁਜਫਰਪੁਰ ਜੰ. | 09:45 | 2 ਟੀਯਰ ਏਸੀ. 3 ਟੀਯਰ ਏਸੀ., (ਇਕੋਨੌਮੀ) | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਸੋਨਪੁਰ ਅਤੇ ਹਾਜੀਪੁਰ ਜੰ. |
| 02418 | ਸ਼ਕੂਰ ਬਸਤੀ | 21:30 | ਪ੍ਰਯਾਗਰਾਜ ਜੰ. | 09:15 | ਫਸਟ ਏਸੀ., ਸਹਿ 2 ਟੀਯਰ ਏਸੀ., 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਦਾਦਰੀ, ਖੁਰਜਾ ਜੰ., ਅਲੀਗੜ ਜੰ., ਹਾਥਰਸ ਜੰ., ਟੂੰਡਲਾ ਜੰ., ਸ਼ਿਕੋਹਾਬਾਦ ਜੰ., ਇਆਵਾ ਜੰ., ਫਫੂੰਦ, ਕਾਨਪੁਰ ਸੈਂਟ੍ਰਲ, ਬਿੰਦਕੀ ਰੋਡ, ਫਤੇਹਪੁਰ, ਸਿਰਾਥੂ ਅਤੇ ਭਰਵਾਰੀ |
| 02456 | ਨਵੀਂ ਦਿੱਲੀ | 07:45 | ਕਾਨਪੁਰ ਸੈਂਟ੍ਰਲ | 13:15 | 3 ਟੀਯਰ ਏਸੀ., ਅਤੇ ਸਲੀਪਰ | ਅਲੀਗੜ ਜੰ. ਅਤੇ ਇਟਾਵਾ ਜੰ. |

**ਰੇਲ ਯਾਤਰਾ ਦੇ ਦੌਰਾਨ ਜਲਣਸ਼ੀਲ ਪਦਾਰਥ, ਜਿਵੇਂ ਪਟਾਕੇ, ਪੈਟਰੋਲ, ਗੈਸ ਸਿਲੰਡਰ, ਮਿੱਟੀ ਦਾ ਤੇਲ, ਆਦਿ ਲੈ ਕੇ ਕਦੇ ਸਫਰ ਨਾ ਕਰੋ।**

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਜਾਣਕਾਰੀ ਜਿਵੇਂ ਕਿ ਸੀਟ ਉਪਲਬਧਤਾ ਅਤੇ ਟਾਈਮ-ਟੇਬਲ ਆਦਿ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਉਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖਣ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

'ਤੇ ਸਾਨੂੰ ਫਾਲੋ ਕਰੋ

# ਪਰਾਲੀ ਸਾੜਨ ਤੋਂ ਰੋਕਣ ਲਈ ਪ੍ਰਸ਼ਾਸਨ ਚੌਕਸ



**ਰਤੀਆ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਵੱਲੋਂ ਨਿਗਰਾਨੀ ਤੇਜ਼ ਕਰ ਦਿੱਤੀ ਗਈ ਹੈ। ਇਸੇ ਲੜੀ ਤਹਿਤ ਐੱਸ ਡੀ ਐੱਮ ਸੁਰਿੰਦਰ ਸਿੰਘ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ, ਪਟਵਾਰੀਆਂ, ਗ੍ਰਾਮ ਸਕੱਤਰਾਂ, ਨੰਬਰਦਾਰਾਂ ਅਤੇ ਸਬੰਧਤ ਵਿਭਾਗਾਂ ਦੇ ਕਰਮਚਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧ, ਪਰਾਲੀ ਸਾੜਨ ਦੀਆਂ ਘਟਨਾਵਾਂ ’ਤੇ ਰੋਕ ਲਗਾਉਣ ਅਤੇ ਅੱਗ ਲੱਗਣ ਦੀਆਂ ਘਟਨਾਵਾਂ ’ਤੇ ਤੁਰੰਤ ਕਾਰਵਾਈ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਐੱਸ ਡੀ ਐੱਮ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਲਗਾਤਾਰ ਨਿਗਰਾਨੀ ਰੱਖਣ ਅਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨਿਕ ਚੌਕਸੀ ਦੇ ਨਾਲ-ਨਾਲ ਕਿਸਾਨਾਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ।

ਸਾਰੇ ਸਬੰਧਤ ਵਿਭਾਗ ਆਪਣੀ ਜ਼ਿੰਮੇਵਾਰੀ ਗੰਭੀਰਤਾ ਨਾਲ ਨਿਭਾਉਣ, ਤਾਂ ਜੋ ਖੇਤਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਰੋਕੀਆਂ ਜਾ ਸਕਣ। ਐੱਸਡੀਐੱਮ ਸੁਰਿੰਦਰ ਸਿੰਘ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧ ਦੇ ਤਰੀਕਿਆਂ ਬਾਰੇ ਜਾਣਕਾਰੀ ਦੇਣ। ਕਿਸਾਨਾਂ ਨੂੰ ਉਪਲਬਧ ਖੇਤੀਬਾੜੀ ਮਸ਼ੀਨਾਂ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਹੋਰ ਬਦਲਾਂ ਬਾਰੇ ਵੀ ਜਾਣੂ ਕਰਵਾਇਆ ਜਾਵੇ, ਤਾਂ ਜੋ ਉਹ ਪਰਾਲੀ ਸਾੜਨ ਦੀ ਬਜਾਏ ਇਸ ਦਾ ਸਹੀ ਪ੍ਰਬੰਧ ਕਰ ਸਕਣ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧ ਵਾਤਾਵਰਨ ਦੀ ਸੰਭਾਲ ਲਈ ਵੀ ਜ਼ਰੂਰੀ ਹੈ।

# ਹਰਿਆਣਾ ਚ ਪਟਾਕਿਆਂ ਤੇ ਸਖ਼ਤੀ; ਐੱਨਸੀਆਰ ਜ਼ਿਲ੍ਹਿਆਂ ਚ ਪੂਰਨ ਪਾਬੰਦੀ, ਗ਼ੈਰ-ਐੱਨਸੀਆਰ ਇਲਾਕਿਆਂ ਚ ਗ੍ਰੀਨ ਪਟਾਕੇ ਚਲਾਉਣ ਦੀ ਛੋਟ



**ਗੁਰੂਗ੍ਰਾਮ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਵਾਲੀ ਤੋਂ ਪਹਿਲਾਂ ਹਰਿਆਣਾ ਨੇ ਆਪਣੇ ਐੱਨਸੀਆਰ ਜ਼ਿਲ੍ਹਿਆਂ ਵਿੱਚ ਪਟਾਕਿਆਂ ’ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ, ਜਦੋਂ ਕਿ ਗ਼ੈਰ-ਐੱਨਸੀਆਰ ਜ਼ਿਲ੍ਹਿਆਂ ਵਿੱਚ ਸਿਰਫ਼ ਹਰੇ (ਗ੍ਰੀਨ) ਪਟਾਕਿਆਂ ਦੀ ਇਜਾਜ਼ਤ ਦਿੱਤੀ ਗਈ ਹੈ। ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਹੁਣ ਗ਼ੈਰ-ਐੱਨਸੀਆਰ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਹਦਾਇਤ ਨੂੰ ਇੰਨ ਬਿੰਨ (ਪੂਰੀ ਤਰ੍ਹਾਂ) ਲਾਗੂ ਕਰਨ ਲਈ ਕਿਹਾ ਹੈ, ਅਤੇ ਇਸ ਨਿਰਦੇਸ਼ ਨੂੰ ਸਭ ਤੋਂ ਜਰੂਰੀ ਵਜੋਂ ਚਿੰਨ੍ਹਿਤ ਕੀਤਾ ਹੈ।

ਇੱਕ ਪੱਤਰ ਵਿੱਚ ਬੋਰਡ ਨੇ ਵਾਤਾਵਰਨ, ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ 5 ਅਕਤੂਬਰ, 2025 ਨੂੰ ਜਾਰੀ ਹੁਕਮਾਂ ਨੂੰ ਵਧੀਕ ਮੁੱਖ ਸਕੱਤਰ (ਗ੍ਰਹਿ), ਡਾਇਰੈਕਟਰ ਜਨਰਲ ਆਫ਼ ਪੁਲੀਸ, ਡਿਪਟੀ ਕਮਿਸ਼ਨਰਾਂ, ਪੁਲੀਸ ਮੁਖੀਆਂ ਅਤੇ ਗ਼ੈਰ-ਐੱਨਸੀਆਰ ਜ਼ਿਲ੍ਹਿਆਂ ਵਿੱਚ ਆਪਣੇ ਖੇਤਰੀ ਅਧਿਕਾਰੀਆਂ ਨੂੰ ਭੇਜਿਆ ਹੈ।

ਗੁਰੂਗ੍ਰਾਮ ਸਮੇਤ ਐੱਨਸੀਆਰ ਜ਼ਿਲ੍ਹਿਆਂ ਵਿੱਚ, ਵਾਤਾਵਰਣ (ਸੁਰੱਖਿਆ) ਐਕਟ, 1986 ਦੀ ਧਾਰਾ 5 ਦੇ ਤਹਿਤ 28 ਫਰਵਰੀ, 2025 ਨੂੰ ਜਾਰੀ ਕੀਤੇ ਨਿਰਦੇਸ਼ਾਂ ਅਨੁਸਾਰ ਸਾਰੇ ਕਿਸਮਾਂ ਦੇ ਪਟਾਕਿਆਂ ਦੇ ਨਿਰਮਾਣ, ਭੰਡਾਰਨ, ਵਿਕਰੀ ਅਤੇ ਚਲਾਉਣ ’ਤੇ ਸਾਲ ਭਰ ਦੀ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ ਆਨਲਾਈਨ ਡਿਲਿਵਰੀ ’ਤੇ ਵੀ ਲਾਗੂ ਹੁੰਦੀ ਹੈ। ਗ੍ਰੀਨ ਪਟਾਕਿਆਂ ਨੂੰ ਵੀ ਛੋਟ ਨਹੀਂ ਦਿੱਤੀ ਗਈ ਹੈ।

ਗ਼ੈਰ-ਐੱਨਸੀਆਰ ਜ਼ਿਲ੍ਹਿਆਂ ਵਿੱਚ, ਹਰੇ (ਗ੍ਰੀਨ) ਪਟਾਕਿਆਂ ਤੋਂ ਇਲਾਵਾ ਹੋਰ ਸਾਰੇ ਪਟਾਕਿਆਂ ਦੇ ਨਾਲ-ਨਾਲ ਲੜੀਵਾਰ ਪਟਾਕਿਆਂ (ਲੜੀਆਂ) ਦੇ ਨਿਰਮਾਣ, ਵਿਕਰੀ ਅਤੇ ਵਰਤੋਂ ’ਤੇ ਪਾਬੰਦੀ ਹੈ। ਪੂਰੇ ਸਾਲ ਦੌਰਾਨ ਪਟਾਕਿਆਂ ਵਿੱਚ ਬੇਰੀਅਮ ਲੂਣ ਦੀ ਵਰਤੋਂ ’ਤੇ ਰੋਕ ਹੈ। ਫਲਿਪਕਾਰਟ ਅਤੇ ਅਮੇਜ਼ਨ ਵਰਗੇ ਈ-ਕਾਮਰਸ ਪਲੇਟਫਾਰਮ ਇਹਨਾਂ ਜ਼ਿਲ੍ਹਿਆਂ ਵਿੱਚ ਆਨਲਾਈਨ ਆਰਡਰ ਸਵੀਕਾਰ ਨਹੀਂ ਕਰ ਸਕਦੇ ਜਾਂ ਵਿਕਰੀ ਪੂਰੀ ਨਹੀਂ ਕਰ ਸਕਦੇ।

ਇੱਥੋਂ ਤੱਕ ਕਿ ਗ੍ਰੀਨ ਪਟਾਕਿਆਂ ਲਈ ਵੀ ਸਮੇਂ ਦੀਆਂ ਸੀਮਾਵਾਂ ਤੈਅ ਕੀਤੀਆਂ ਗਈਆਂ ਹਨ। ਦੀਵਾਲੀ ਅਤੇ ਗੁਰਪੁਰਬ ਤਿਉਹਾਰਾਂ ’ਤੇ ਇਹਨਾਂ ਨੂੰ ਸਿਰਫ਼ ਰਾਤ 8 ਵਜੇ ਤੋਂ ਰਾਤ 10 ਵਜੇ ਤੱਕ ਹੀ ਚਲਾਇਆ ਜਾ ਸਕਦਾ ਹੈ। ਕ੍ਰਿਸਮਸ ਦੀ ਪੂਰਵ ਸੰਧਿਆ ਅਤੇ ਨਵੇਂ ਸਾਲ ਦੀ ਪੂਰਵ ਸੰਧਿਆ ’ਤੇ, ਇਹ ਸਮਾਂ ਰਾਤ 11:55 ਵਜੇ ਤੋਂ ਰਾਤ 12:30 ਵਜੇ ਤੱਕ ਹੋਵੇਗਾ।

ਇਹ ਹੁਕਮ ਐੱਮ.ਸੀ. ਮਹਿਤਾ ਮਾਮਲੇ ਵਿੱਚ ਸੁਪਰੀਮ ਕੋਰਟ ਦੇ 17 ਜਨਵਰੀ, 2025 ਦੇ ਨਿਰਦੇਸ਼ਾਂ ਤੋਂ ਬਾਅਦ ਆਏ ਹਨ, ਜਿਸ ਵਿੱਚ ਹਰਿਆਣਾ ਅਤੇ ਉੱਤਰ ਪ੍ਰਦੇਸ਼ ਨੂੰ ਦਿੱਲੀ ਵਰਗੀ ਸਦਾਚਾਰਕ (ਲਗਾਤਾਰ) ਪਾਬੰਦੀ ਲਗਾਉਣ ਲਈ ਕਿਹਾ ਗਿਆ ਸੀ। ਉਹਨਾਂ ਦਾ ਕਹਿਣਾ ਹੈ ਕਿ ਪਟਾਕੇ ਧਾਤ ਦੇ ਕਣ, ਜ਼ਹਿਰੀਲੇ ਤੱਤ ਅਤੇ ਨੁਕਸਾਨਦੇਹ ਰਸਾਇਣ ਛੱਡਦੇ ਹਨ ਅਤੇ ♦$2.5 ਅਤੇ ♦$10 ਦੇ ਪੱਧਰ ਨੂੰ ਵਧਾਉਂਦੇ ਹਨ, ਅਤੇ ਐੱਨਸੀਆਰ ਅਤੇ ਇਸ ਦੇ ਆਸ-ਪਾਸ ਪ੍ਰਦੂਸ਼ਣ ਅਕਤੂਬਰ ਤੋਂ ਜਨਵਰੀ ਦੇ ਵਿਚਕਾਰ ਸਿਖਰ ’ਤੇ ਹੁੰਦਾ ਹੈ।

ਉਲੰਘਣਾ ਕਰਨ ਵਾਲੇ ਵਾਤਾਵਰਣ (ਸੁਰੱਖਿਆ) ਐਕਟ, 1986 ਦੀ ਧਾਰਾ 15 ਤਹਿਤ ਜੁਰਮਾਨੇ ਦੇ ਭਾਗੀਦਾਰ ਹੋਣਗੇ।ਵਾਤਾਵਰਣ ਪ੍ਰੇਮੀਆਂ ਦਾ ਕਹਿਣਾ ਹੈ ਕਿ ਨਿਯਮ ਕੋਈ ਸਮੱਸਿਆ ਨਹੀਂ ਹਨ। ਪ੍ਰਦੂਸ਼ਣ ਵਿਰੋਧੀ ਕਾਰਕੁਨ ਰੁਚਿਕਾ ਸੇਠੀ ਨੇ ਕਿਹਾ, ਲਾਗੂਕਰਨ ਮੁੱਖ ਲੋੜ ਹੈ, ਅਤੇ ਹਰ ਸਾਲ ਇਸੇ ਦੀ ਘਾਟ ਰਹਿ ਜਾਂਦੀ ਹੈ। ਗੁਰੂਗ੍ਰਾਮ ਵਰਗੇ ਦੇ ਨਾਲ-ਨਾਲ ਲੜੀਵਾਰ ਪਟਾਕਿਆਂ (ਲੜੀਆਂ) ਦੇ ਨਿਰਮਾਣ, ਵਿਕਰੀ ਅਤੇ ਵਰਤੋਂ ’ਤੇ ਪਾਬੰਦੀ ਹੈ। ਪੂਰੇ ਸਾਲ ਦੌਰਾਨ ਪਟਾਕਿਆਂ ਵਿੱਚ ਬੇਰੀਅਮ ਲੂਣ ਦੀ ਵਰਤੋਂ ’ਤੇ ਰੋਕ ਹੈ। ਫਲਿਪਕਾਰਟ ਅਤੇ ਅਮੇਜ਼ਨ ਵਰਗੇ ਈ-ਕਾਮਰਸ ਪਲੇਟਫਾਰਮ ਇਹਨਾਂ ਜ਼ਿਲ੍ਹਿਆਂ ਵਿੱਚ ਆਨਲਾਈਨ ਆਰਡਰ ਸਵੀਕਾਰ ਨਹੀਂ ਕਰ ਸਕਦੇ ਜਾਂ ਵਿਕਰੀ ਪੂਰੀ ਨਹੀਂ ਕਰ ਸਕਦੇ।

ਇੱਥੋਂ ਤੱਕ ਕਿ ਗ੍ਰੀਨ ਪਟਾਕਿਆਂ ਲਈ ਵੀ ਸਮੇਂ ਦੀਆਂ ਸੀਮਾਵਾਂ ਤੈਅ ਕੀਤੀਆਂ ਗਈਆਂ ਹਨ। ਦੀਵਾਲੀ ਅਤੇ ਗੁਰਪੁਰਬ ਤਿਉਹਾਰਾਂ ਐੱਨਸੀਆਰ ਜ਼ਿਲ੍ਹਿਆਂ ਵਿੱਚ ਬਿਨਾਂ ਕਿਸੇ ਰੋਕ-ਟੋਕ ਦੇ ਪਟਾਕੇ ਚਲਾਏ ਜਾ ਰਹੇ ਹਨ।

# ਸਕੂਲੀ ਨਾਟਕ ’ਚ ਵਿਦਿਆਰਥੀ ਅੱਵਲ




**ਸ਼ਾਹਬਾਦ ਮਾਰਕੰਡਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਨਾਨਕ ਪ੍ਰੀਤਮ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਕੁਰੂਕਸ਼ੇਤਰ ਵਿਚ ਕਰਵਾਏ ਉੱਤਰੀ ਭਾਰਤ ਦੇ ਜ਼ਿਲ੍ਹਾ ਪੱਧਰੀ ਵਿਗਿਆਨ ਨਾਟਕ ਮੁਕਾਬਲਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਪਹਿਲਾ ਸਥਾਨ ਪ੍ਰਾਪਤ ਕਰ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਦੀਪਾਂਸ਼ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਇਕ ਪ੍ਰਭਾਵਸ਼ਾਲੀ ਪੇਸ਼ਕਾਰੀ ਦਿੱਤੀ। ਇਸ ਰਾਹੀਂ ਉਨ੍ਹਾਂ ਸਮੁੰਦਰੀ ਪ੍ਰਦੂਸ਼ਣ ਨੂੰ ਰੋਕਣ, ਜਲ ਜੀਵਾਂ ਦੀ ਸੁਰੱਖਿਆ ਤੇ ਸਮੁੰਦਰਾਂ ਨੂੰ ਸਾਫ਼ ਰੱਖਣ ਦਾ ਸੰਦੇਸ਼ ਦਿੱਤਾ। ਇਸ ਨਾਟਕ ਵਿਚ 8ਵੀਂ ਕਲਾਸ ਦੀਆਂ ਵਿਦਿਆਰਥਣਾਂ ਅਨਾਮਿਕਾ, ਦਿਵਿਆ, ਹਰਸ਼ਿਤਾ, ਸਹਜਪ੍ਰੀਤ, ਰਿਧੀ, ਸਮਨਪ੍ਰੀਤ ਕੌਰ, ਮੰਨਤ ਤੇ 6ਵੀਂ ਕਲਾਸ ਦੇ ਵਿਦਿਆਰਥੀ ਹਰਸ਼ ਨੇ ਹਿੱਸਾ ਲਿਆ।

# ਮਾਨਸਿਕ ਸਿਹਤ ਸਬੰਧੀ ਜਾਗਰੂਕਤਾ ਵਰਕਸ਼ਾਪ



**ਸ਼ਾਹਬਾਦ ਮਾਰਕੰਡਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਦੇ ਪਲਵਲ ਦੇ ਸਰਕਾਰੀ ਗਰਲਜ਼ ਕਾਲਜ ਵੱਲੋਂ ਚਲ ਰਹੀ ਸੱਤ ਰੋਜ਼ਾ ਜੀਵਨ ਕੌਸ਼ਲ ਵਰਕਸ਼ਾਪ ਦੇ ਛੇਵੇਂ ਦਿਨ ਸਰਕਾਰੀ ਮਿਡਲ ਸਕੂਲ ਖੇੜੀ ਰਾਮ ਨਗਰ ਵਿੱਚ ਗ੍ਰਹਿ ਵਿਗਿਆਨ ਵਿਭਾਗ ਤੇ ਮਨੋ ਵਿਗਿਆਨ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਨੁੱਕੜ ਨਾਟਕ ਖੇਡਿਆ ਗਿਆ। ਇਸ ਵਿਚ ਪੋਸ਼ਣ, ਸਰੀਰ ਤੇ ਭੋਜਨ ਵਿਕਾਰ ਸਬੰਧੀ ਮੁੱਦਿਆਂ ’ਤੇ ਸਕੂਲ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਦੋਵੇਂ ਪੇਸ਼ਕਾਰੀਆਂ ਅਮਰਦੀਪ, ਰੰਗਮੰਚ ਨਿਰਦੇਸ਼ਕ ਤੇ ਕਾਲਜ ਦੀ ਪ੍ਰਿੰਸੀਪਲ ਡਾ. ਗਗਨਦੀਪ ਕੌਰ ਦੀ ਅਗਵਾਈ ਹੇਠ ਸਮਾਪਤ ਹੋਈਆਂ। ਵਰਕਸ਼ਾਪ ਦੀ ਸੰਚਾਲਿਕਾ ਡਾ. ਪੂਨਮ ਬਾਗੀ ਤੇ ਡਾ. ਸ਼ਵੇਤਾ ਦੇ ਨਿਰਦੇਸ਼ਨ ਵਿਚ ਆਹਾਰ ਕਰਾਂਤੀ ਦੇ ਬੈਨਰ ਥਲੇ ਕਰਵਾਏ ਜਾ ਰਹੇ ਇਨ੍ਹਾਂ ਨਾਟਕਾਂ ਦੇ ਉਦੇਸ਼ ਬੱਚਿਆਂ ਵਿਚ ਸਿਹਤ, ਪੋਸ਼ਣ ਤੇ ਮਾਨਸਿਕ ਸੰਤੁਲਿਨ ਪ੍ਰਤੀ ਜਾਗਰੂਕਤਾ ਲਿਆਉਣਾ ਸੀ । ਪਹਿਲੇ ਨੁਕੱੜ ਨਾਟਕ ਦਾ ਉਦੇਸ਼ ਬੱਚਿਆਂ ਨੂੰ ਫਾਸਟ ਫੂਡ ਤੇ ਗੈਰ ਸਿਹਤਮੰਦ ਭੋਜਨ ਖਾਣ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਨਾ ਸੀ। ਇਸ ਦੌਰਾਨ ਵਿਦਿਆਰਥੀਆਂ ਨੇ ਘਰ ਦੇ ਬਣੇ ਸਿਹਤਮੰਦ ਤੇ ਸਾਫ ਸੁਥਰੇ ਭੋਜਨ ਖਾਣ ਤੇ ਬਾਹਰੀ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰਨ ਦੀ ਸਹੁੰ ਵੀ ਚੁੱਕੀ। ਦੂਜੇ ਨਾਟਕ ਵਿੱਚ ਮਨੋ ਵਿਗਿਆਨ ਵਿਭਾਗ ਦੇ ਵਿਦਿਆਰਥੀਆਂ ਨੇ ਦੱਸਿਆ ਕਿ ਅੱਜ ਦੇ ਬੱਚੇ ਤੇ ਨੌਜਵਾਨ ਆਕਰਸ਼ਕ ਦਿੱਸਣ ਦੀ ਦੌੜ ਵਿੱਚ ਆਪਣੀ ਅਸਲੀਅਤ ਤੋਂ ਦੂਰ ਹੁੰਦੇ ਜਾ ਰਹੇ ਹਨ।

# ਦੇਸ਼ ਵਿੱਚ ਜਨਗਣਨਾ ਲਈ ਸ਼ਡਿਊਲ ਜਾਰੀ

**ਨਵੀਂ ਦਿੱਲੀ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ ਕਮਿਸ਼ਨਰ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਚੋਣਾਂ ਵਾਲੇ ਸੂਬਿਆਂ ਅਤੇ ਬਰਫ਼ਬਾਰੀ ਵਾਲੇ ਇਲਾਕਿਆਂ ਨੂੰ ਛੱਡ ਕੇ ਪੂਰੇ ਭਾਰਤ ਵਿੱਚ 25 ਜਨਵਰੀ ਤੋਂ 28 ਫਰਵਰੀ 2027 ਤੱਕ ਜਨਗਣਨਾ ਕੀਤੀ ਜਾਵੇਗੀ। ਇੱਕ ਅਧਿਕਾਰਤ ਨੋਟੀਫਿਕੇਸ਼ਨ ਅਨੁਸਾਰ, ਜਨਗਣਨਾ ਲਈ ਹਵਾਲਾ ਮਿਤੀ 1 ਮਾਰਚ 2027 ਨੂੰ ਰਾਤ 12 ਵਜੇ ਮੰਨੀ ਜਾਵੇਗੀ। ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਮ੍ਰਿਤੁੰਜੇ ਕੁਮਾਰ ਨਰਾਇਣ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਦੇ ਜ਼ਿਆਦਾਤਰ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ 25 ਜਨਵਰੀ 2027 ਤੋਂ 28 ਫਰਵਰੀ 2027 ਤੱਕ ਜਨਗਣਨਾ ਕੀਤੀ ਜਾਵੇਗੀ। ਹਾਲਾਂਕਿ, ਇਸ ਤੈਅ ਸਮੇਂ ਦੌਰਾਨ ਮਨੀਪੁਰ (ਅਗਲੇ ਐਲਾਨ ਤੱਕ), ਗੋਆ, ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਲੱਦਾਖ ਸਮੇਤ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਬਰਫ਼ਬਾਰੀ ਵਾਲੇ ਇਲਾਕਿਆਂ ਵਿੱਚ ਗਿਣਤੀ ਨਹੀਂ ਹੋਵੇਗੀ।

ਨੋਟੀਫਿਕੇਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਘਰ-ਘਰ ਜਾ ਕੇ ਆਬਾਦੀ ਦੀ ਗਿਣਤੀ ਸ਼ੁਰੂ ਹੋਣ ਤੋਂ ਠੀਕ ਪਹਿਲਾਂ, 10 ਜਨਵਰੀ 2027 ਤੋਂ 24 ਜਨਵਰੀ 2027 ਤੱਕ ਲੋਕਾਂ ਕੋਲ ਤੱਕ ਜਨਗਣਨਾ ਕੀਤੀ ਜਾਵੇਗੀ। ਹਾਲਾਂਕਿ, ਇਸ ਤੈਅ ਸਮੇਂ ਦੌਰਾਨ ਮਨੀਪੁਰ (ਅਗਲੇ ਐਲਾਨ ਤੱਕ), ਗੋਆ, ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਲੱਦਾਖ ਸਮੇਤ ਔਨਲਾਈਨ ਖੁਦ ਆਪਣੀ ਜਾਣਕਾਰੀ ਦਰਜ ਕਰਨ ਦਾ ਵਿਕਲਪ ਵੀ ਮੌਜੂਦ ਹੋਵੇਗਾ।

# ਰਿਹਾਇਸ਼ੀ ਖੇਤਰਾਂ ’ਚ ਚੱਲ ਰਹੇ ਨੇ ਗ਼ੈਰ-ਕਾਨੂੰਨੀ ਪਟਾਕਾ ਸਟੋਰ



**ਲੁਧਿਆਣਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ੀਲਡਗੰਜ ਦੇ ਤੰਗ ਬਾਜ਼ਾਰ ਅਤੇ ਭੀੜੀਆਂ ਗਲੀਆਂ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਬਣਾਏ ਗਏ ਪਟਾਕਾ ਗੁਦਾਮ ’ਚ ਅੱਗ ਲੱਗਣ ਕਾਰਨ ਇੱਕ ਹੋਰ ਬੇਕਸੂਰ ਨੌਜਵਾਨ ਦੀ ਜਾਨ ਚਲੀ ਗਈ ਹੈ। ਸੰਘਣੀ ਆਬਾਦੀ ਵਾਲੇ ਰਿਹਾਇਸ਼ੀ ਇਲਾਕੇ ਵਿੱਚ ਇਹ ਗ਼ੈਰ-ਕਾਨੂੰਨੀ ਗੁਦਾਮ ਕਿਸ ਦੀ ਸਰਪ੍ਰਸਤੀ ਹੇਠ ਚੱਲ ਰਿਹਾ ਸੀ, ਇਹ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੱਤਾਧਾਰੀ ਪਾਰਟੀ ਦੇ ਆਗੂ ਗੋਲਡੀ ਸਭਰਵਾਲ ਦੇ ਇਸ ਕਥਿਤ ਨਾਜਾਇਜ਼ ਗੁਦਾਮ ਕਾਰਨ ਨਾ ਸਿਰਫ਼ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ, ਸਗੋਂ ਉਨ੍ਹਾਂ ਦੇ ਭਰਾ ਦੀ ਕੀਮਤੀ ਜਾਨ ਵੀ ਚਲੀ ਗਈ। ਅਫ਼ਸੋਸਨਾਕ ਪਹਿਲੂ ਇਹ ਹੈ ਕਿ ਪਹਿਲਾਂ ਵਾਪਰੇ ਹਾਦਸਿਆਂ ਤੋਂ ਵੀ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਈ ਸਬਕ ਨਹੀਂ ਸਿੱਖਿਆ ਅਤੇ ਦੀਵਾਲੀ ਦਾ ਤਿਉਹਾਰ ਨੇੜੇ ਹੋਣ ਦੇ ਬਾਵਜੂਦ ਅਜਿਹੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਕੋਈ ਅਗਾਊਂ ਚੈਕਿੰਗ ਮੁਹਿੰਮ ਨਹੀਂ ਚਲਾਈ ਗਈ।

ਫ਼ੀਲਡਗੰਜ ਖੇਤਰ ਵਿੱਚ ਪਟਾਕਿਆਂ ਕਾਰਨ ਵਾਪਰਿਆ ਇਹ ਕੋਈ ਪਹਿਲਾ ਹਾਦਸਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਇੱਥੇ ਭਿਆਨਕ ਅਗਨੀ ਕਾਂਡ ਵਾਪਰ ਚੁੱਕਾ ਹੈ, ਜਿਸ ਵਿੱਚ ਚਾਰ ਲੋਕਾਂ ਦੀ ਜਾਨ ਚਲੀ ਗਈ ਸੀ। ਇਸੇ ਤਰ੍ਹਾਂ ਗੁੜ ਮੰਡੀ ਵਿੱਚ ਵਾਪਰੇ ਹਾਦਸੇ ਦੇ ਜ਼ਖ਼ਮ ਵੀ ਹਾਲੇ ਅੱਲੇ ਹਨ। ਹਕੀਕਤ ਇਹ ਹੈ ਕਿ ਇਕੱਲਾ ਫ਼ੀਲਡਗੰਜ ਹੀ ਨਹੀਂ, ਸਗੋਂ ਸ਼ਹਿਰ ਦੇ ਕਈ ਹੋਰ ਸੰਘਣੀ ਆਬਾਦੀ ਵਾਲੇ ਇਲਾਕੇ ਵੀ ਬਾਰੂਦ ਦੇ ਢੇਰ ’ਤੇ ਬੈਠੇ ਹਨ। ਜੇਕਰ ਪੁਲੀਸ ਤੇ ਪ੍ਰਸ਼ਾਸਨ ਜ਼ਮੀਨੀ ਪੱਧਰ ’ਤੇ ਨਿਰਪੱਖ ਪੜਤਾਲ ਕਰੇ ਤਾਂ ਸ਼ਹਿਰ ਦੇ ਅੰਦਰੂਨੀ ਹਿੱਸਿਆਂ ਵਿੱਚੋਂ ਦਰਜਨਾਂ ਅਜਿਹੇ ਨਾਜਾਇਜ਼ ਸਟੋਰ ਬੇਨਕਾਬ ਹੋ ਸਕਦੇ ਹਨ। ਦੀਵਾਲੀ ਨੇੜੇ ਆਉਂਦਿਆਂ ਹੀ ਮੁਨਾਫ਼ਾਖ਼ੋਰ ਕਾਰੋਬਾਰੀ ਸਸਤੇ ਭਾਅ ਮਾਲ ਖ਼ਰੀਦ ਕੇ ਰਿਹਾਇਸ਼ੀ ਮਕਾਨਾਂ ਦੀਆਂ ਛੱਤਾਂ ਅਤੇ ਦੁਕਾਨਾਂ ਉੱਤੇ ਬਣੇ ਕਮਰਿਆਂ ਵਿੱਚ ਡੰਪ ਕਰ ਲੈਂਦੇ ਹਨ। ਲੋਕਾਂ ਦੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਨਿਯਮਾਂ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਈਆਂ ਜਾਂਦੀਆਂ ਹਨ। ਸੱਤਾਧਾਰੀ ਪਾਰਟੀ ਦੇ ਆਗੂ ਗੋਲਡੀ ਸਭਰਵਾਲ ਨੇ ਵੀ ਆਪਣੇ ਪੁੱਤਰ ਦੀ ਦੁਕਾਨ ਦੀ ਉੱਪਰਲੀ ਮੰਜ਼ਿਲ ’ਤੇ ਇਹ ਗੁਦਾਮ ਬਣਾ ਰੱਖਿਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਅੱਡੇ ਕੋਲ ਨਾ ਤਾਂ ਕੋਈ ਲਾਇਸੈਂਸ ਸੀ ਅਤੇ ਨਾ ਹੀ ਅੱਗ ਬੁਝਾਊ ਯੰਤਰ।

ਧਮਾਕਾਖੇਜ਼ ਸਮੱਗਰੀ ਐਕਟ (ਐਕਸਪਲੋਸਿਵ ਐਕਟ) ਅਤੇ ਨੈਸ਼ਨਲ ਬਿਲਡਿੰਗ ਕੋਡ ਅਨੁਸਾਰ ਸੰਘਣੀ ਆਬਾਦੀ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਆਤਿਸ਼ਬਾਜ਼ੀ ਦਾ ਭੰਡਾਰਨ ਕਰਨਾ ਸਰਾਸਰ ਗ਼ੈਰ-ਕਾਨੂੰਨੀ ਹੈ। ਨਿਯਮਾਂ ਮੁਤਾਬਕ ਪਟਾਕਾ ਗੁਦਾਮ ਹਮੇਸ਼ਾ ਸ਼ਹਿਰ ਦੀ ਆਬਾਦੀ ਤੋਂ ਦੂਰ ਖੁੱਲ੍ਹੇ ਖੇਤਰਾਂ ਵਿੱਚ ਹੋਣੇ ਚਾਹੀਦੇ ਹਨ, ਜਿਨ੍ਹਾਂ ਲਈ ਫ਼ਾਇਰ ਵਿਭਾਗ ਤੋਂ ਐੱਨ ਓ ਸੀ ਅਤੇ ਐਕਸਪਲੋਸਿਵ ਵਿਭਾਗ ਤੋਂ ਨਿਰਧਾਰਤ ਮਾਤਰਾ ਦਾ ਲਾਇਸੈਂਸ ਲੈਣਾ ਲਾਜ਼ਮੀ ਹੁੰਦਾ ਹੈ। ਇਸ ਤੋਂ ਇਲਾਵਾ ਗੁਦਾਮ ਅੰਦਰ ਹਵਾਦਾਰੀ, ਐਮਰਜੈਂਸੀ ਨਿਕਾਸ ਅਤੇ ਅੱਗ ਬੁਝਾਊ ਸਿਲੰਡਰਾਂ ਦਾ ਹੋਣਾ ਲਾਜ਼ਮੀ ਹੈ। ਗੁਦਾਮ ਅੰਦਰ ਕਿਸੇ ਵੀ ਜਲਣਸ਼ੀਲ ਵਸਤੂ ਜਾਂ ਰਸੋਈ ਗੈਸ ਸਿਲੰਡਰ ਦੀ ਵਰਤੋਂ ’ਤੇ ਮੁਕੰਮਲ ਪਾਬੰਦੀ ਹੁੰਦੀ ਹੈ। ਇਸ ਦੇ ਉਲਟ, ਉਕਤ ਇਮਾਰਤ ਵਿੱਚ ਪਟਾਕਿਆਂ ਦੇ ਭੰਡਾਰ ਦੇ ਨਾਲ ਹੀ ਰਸੋਈ ਬਣੀ ਹੋਈ ਸੀ, ਜੋ ਇਸ ਭਿਆਨਕ ਹਾਦਸੇ ਦਾ ਮੁੱਖ ਕਾਰਨ ਬਣੀ।ਫ਼ੀਲਡਗੰਜ ’ਚ ਵਾਪਰੀ ਘਟਨਾ ਦੀ ਸੂਚਨਾ ਮਿਲਦਿਆਂ ਹੀ ਭਾਜਪਾ ਆਗੂ ਗੁਰਦੇਵ ਸ਼ਰਮਾ ਦੇਬੀ ਸਾਥੀਆਂ ਸਮੇਤ ਮੌਕੇ ’ਤੇ ਪੁੱਜੇ। ਉਨ੍ਹਾਂ ‘ਆਪ’ ਆਗੂਆਂ ਦੇ ਕੰਮਕਾਜ ’ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਸੱਤਾ ਦੀ ਆੜ ਵਿੱਚ ਨਾਜਾਇਜ਼ ਧੰਦੇ ਚਲਾਏ ਜਾ ਰਹੇ ਹਨ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕਿਸੇ ਛੋਟੇ ਕਰਮਚਾਰੀ ’ਤੇ ਖ਼ਾਨਾਪੂਰਤੀ ਕਰਨ ਦੀ ਬਜਾਏ ਦੁਕਾਨ ਤੇ ਗੁਦਾਮ ਦੇ ਅਸਲ ਮਾਲਕ ਖ਼ਿਲਾਫ਼ ਮੁਕੱਦਮਾ ਦਰਜ ਕਰ ਕੇ ਸਖ਼ਤ ਕਾਰਵਾਈ ਕੀਤੀ ਜਾਵੇ।

# ਗੋਪਾਲਸਰ ਗੋਲੀ ਕਾਂਡ: ਬਾਬੇ ਨੇ ਖ਼ੁਦ ਚਲਵਾਈ ਸੀ ਗੋਲੀ



**ਜਗਰਾਉਂ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਗਗੜਾ ਦੇ ਬਾਹਰ ਰਜਬਾਹੇ ਦੀ ਪਾਂਧੀ ’ਤੇ ਬਣੇ ਗੋਪਾਲਸਰ ਗੁਰਦੁਆਰੇ ਦੇ ਗੇਟ ’ਤੇ 26 ਤੇ 27 ਅਕਤੂਬਰ ਦੀ ਦਰਮਿਆਨੀ ਰਾਤ ਕਰੀਬ 11 ਵਜੇ ਕਿਸੇ ਨਕਾਬਪੋਸ਼ ਵੱਲੋਂ ਧਮਕੀ ਪੱਤਰ ਮੁੱਖ ਗੇਟ ’ਤੇ ਲਾਉਣ ਤੇ ਦੋ ਗੋਲੀਆਂ ਚਲਾਉਣ ਦੇ ਮਾਮਲੇ ’ਚ ਨਵਾਂ ਮੋੜ ਆ ਗਿਆ ਹੈ।

ਸੀਨੀਅਰ ਪੁਲੀਸ ਕਪਤਾਨ ਡਾ. ਅੰਕੁਰ ਗੁਪਤਾ ਵੱਲੋਂ ਘਟਨਾ ਦੀ ਪੜਤਾਲ ਲਈ ਕਾਇਮ ਟੀਮ ਨੇ ਕਰੀਬ 48 ਘੰਟਿਆਂ ’ਚ ਹੀ ਗੋਲੀਆਂ ਚਲਾਉਣ ਵਾਲੇ ਨੂੰ ਫੜ ਕੇ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ।

ਅੱਜ ਦੇਰ ਸ਼ਾਮ ਸੱਦੀ ਪ੍ਰੈੱਸ ਕਾਨਫਰੰਸ ’ਚ ਐੱਸ ਐੱਸ ਪੀ ਡਾ. ਅੰਕੁਰ ਗੁਪਤਾ ਦੱਸਿਆ ਕਿ ਮਾਮਲੇ ਸਬੰਧੀ ਡੀ ਐੱਸ ਪੀ ਜਸਵਿੰਦਰ ਸਿੰਘ ਢੀਂਡਸਾ, ਥਾਣਾ ਸਦਰ ਮੁਖੀ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਦਿਓਲ, ਸੀ ਆਈ ਏ ਇੰਚਾਰਜ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਆਦਿ ਦੀ ਟੀਮ ਨੇ ਗੋਪਾਲਸਰ ਗੁਰਦੁਆਰੇ ਦੇ ਗੇਟ ’ਤੇ ਗੋਲੀਆਂ ਚਲਾਉਣ ਵਾਲੇ ਸੰਦੀਪ ਸਿੰਘ ਵਾਸੀ ਪਿੰਡ ਕੜਿਆਲ (ਮੋਗਾ) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛ-ਪੜਤਾਲ ’ਚ ਮੁਲਜ਼ਮ ਸੰਦੀਪ ਸਿੰਘ ਨੇ ਖੁਲਾਸਾ ਕੀਤਾ ਕਿ ਉਸ ਦਾ ਉਕਤ ਗੁਰਦੁਆਰੇ ’ਚ ਪਿਛਲੇ ਸਮੇਂ ਤੋਂ ਆਉਣ ਜਾਣ ਹੈ

# 1857 ਵਿੱਚ ਆਜ਼ਾਦੀ ਦੀ ਪਹਿਲੀ ਲੜਾਈ ਨੂੰ ਲੈ ਕੇ ਊਰਜਾ ਮੰਤਰੀ ਸ੍ਰੀ ਅਨਿਲ ਵਿਜ ਨੇ ਕੀਤੇ ਕਈ ਖੁਲਾਸੇ, ਭਾਰਤੀ ਸੈਨਿਕਾਂ ਅਤੇ ਵੀਰਾਂ ਦੀ ਕੁਰਬਾਨੀ ਦੀਆਂ ਕਈ ਅਣਸੁਣੀਆਂ ਕਹਾਣੀਆਂ ਆਈਆਂ ਸਾਹਮਣੇ

**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ 1857 ਦੀ ਕ੍ਰਾਂਤੀ ਅਤੇ ਆਜ਼ਾਦੀ ਦੀ ਪਹਿਲੀ ਲੜਾਈ ਨਾਲ ਜੁੜੇ ਕਈ ਮਹੱਤਵਪੂਰਨ ਅਤੇ ਇਤਿਹਾਸਕ ਤੱਥਾਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਇਸ ਕ੍ਰਾਂਤੀ ਵਿੱਚ ਭਾਰਤੀ ਸੈਨਿਕਾਂ ਅਤੇ ਆਜ਼ਾਦੀ ਲਈ ਲੜਨ ਵਾਲੇ ਵੀਰਾਂ ਨੇ ਅਦੁੱਤੀ ਹੌਂਸਲੇ ਅਤੇ ਬਹਾਦਰੀ ਦਾ ਪ੍ਰਦਰਸ਼ਨ ਕਰਦਿਆਂ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਅੰਬਾਲਾ ਛਾਉਣੀ ਵਿੱਚ ਸਤੰਬਰ, 1857 ਦੌਰਾਨ 5ਵੀਂ ਅਤੇ 60ਵੀਂ ਨੇਟਿਵ ਇਨਫੈਂਟਰੀ ਦੇ ਸੈਨਿਕਾਂ ਨਾਲ ਕੀਤੀ ਗਈ ਕਾਰਵਾਈ ਵਿੱਚ ਪਰੇਡ ਗਰਾਊਂਡ ’ਤੇ ਮਹਿਜ਼ 10 ਮਿੰਟਾਂ ਦੇ ਅੰਦਰ 135 ਭਾਰਤੀ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਅੰਗਰੇਜ਼ਾਂ ਨੇ 1857 ਦੀ ਕ੍ਰਾਂਤੀ ਦੌਰਾਨ 74 ਫੌਜੀ ਕੰਪਨੀਆਂ ਨੂੰ ਭੰਗ (ਡਿਸਬੈਂਡ) ਕਰ ਦਿੱਤਾ ਸੀ। ਸ੍ਰੀ ਵਿਜ ਨੇ ਕਿਹਾ ਕਿ ‘ਆਜ਼ਾਦੀ ਦੀ ਪਹਿਲੀ ਲੜਾਈ ਸ਼ਹੀਦ ਸਮਾਰਕ-1857’ ਦੇ ਨਿਰਮਾਣ ਨਾਲ ਜੁੜੀ ਖੋਜ ਦੌਰਾਨ ਕਈ ਸਰਕਾਰੀ ਦਸਤਾਵੇਜ਼ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਭਾਰਤੀ ਸੈਨਿਕਾਂ ਅਤੇ ਕ੍ਰਾਂਤੀਕਾਰੀਆਂ ਦੀਆਂ ਅਦੁੱਤੀ ਕੁਰਬਾਨੀਆਂ ਅਤੇ ਸੰਘਰਸ਼ ਦੀਆਂ ਅਜਿਹੀਆਂ ਅਣਸੁਣੀਆਂ ਕਹਾਣੀਆਂ ਦਰਜ ਹਨ, ਜਿਨ੍ਹਾਂ ਨੂੰ ਹੁਣ ਤੱਕ ਇਤਿਹਾਸ ਦੇ ਪੰਨਿਆਂ ਵਿੱਚ ਉਚਿਤ ਸਥਾਨ ਨਹੀਂ ਮਿਲ ਸਕਿਆ ਸੀ।ਊਰਜਾ ਮੰਤਰੀ ਨੇ ਕਿਹਾ ਕਿ ਅੰਬਾਲਾ ਵਿੱਚ ਬਣਨ ਵਾਲਾ ‘ਆਜ਼ਾਦੀ ਦੀ ਪਹਿਲੀ ਲੜਾਈ ਦੇ ਸ਼ਹੀਦ ਸਮਾਰਕ-1857’ ਦੇਸ਼ ਦੇ ਉਨ੍ਹਾਂ ਗੁਮਨਾਮ ਕ੍ਰਾਂਤੀਕਾਰੀਆਂ ਅਤੇ ਸ਼ਹੀਦਾਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਉਨ੍ਹਾਂ ਭਾਵੁਕ ਸ਼ਬਦਾਂ ਵਿੱਚ ਕਿਹਾ ਕਿ ‘ਆਜ਼ਾਦੀ ਦੀ ਲੜਾਈ ਵਿੱਚ ਜਿਸ ਨੇ ਵੀ ਇੱਕ ਕਦਮ ਅੱਗੇ ਵਧਾਇਆ, ਮੈਂ ਉਸ ਦੇ ਚਰਨ ਸਪਰਸ਼ ਕਰਦਾ ਹਾਂ। ਉਨ੍ਹਾਂ ਕਿਹਾ ਕਿ ਸਮਾਰਕ ਰਾਹੀਂ ਅਜਿਹੇ ਸਾਰੇ ਵੀਰਾਂ ਦੀਆਂ ਕੁਰਬਾਨੀਆਂ ਨੂੰ ਸਨਮਾਨ ਮਿਲੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇਸ਼ ਦੀ ਆਜ਼ਾਦੀ ਦੇ ਅਸਲ ਇਤਿਹਾਸ ਅਤੇ ਆਜ਼ਾਦੀ ਘੁਲਾਟੀਆਂ ਦੇ ਸੰਘਰਸ਼ ਤੋਂ ਜਾਣੂ ਹੋ ਸਕਣਗੀਆਂ।

ਸ੍ਰੀ ਵਿਜ ਨੇ ਦੱਸਿਆ ਕਿ ਆਉਣ ਵਾਲੀ 5 ਨਵੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਅੰਬਾਲਾ ਵਿੱਚ ‘ਆਜ਼ਾਦੀ ਦੀ ਪਹਿਲੀ ਲੜਾਈ ਦੇ ਸ਼ਹੀਦ ਸਮਾਰਕ-1857’ ਦਾ ਉਦਘਾਟਨ ਕਰਨਗੇ। ਇਸ ਮੌਕੇ ਉਨ੍ਹਾਂ ਦੇ ਆਗਮਨ ’ਤੇ ਅੰਬਾਲਾ ਛਾਉਣੀ ਦੇ ਗਾਂਧੀ ਗਰਾਊਂਡ ਵਿੱਚ ਇੱਕ ਵਿਸ਼ਾਲ ਜਨਸਭਾ ਦਾ ਆਯੋਜਨ ਵੀ ਕੀਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਹਰਿਆਣਾ ਸਰਕਾਰ ਨੇ ਸੂਬੇ ਦੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਖਰਚੇ ’ਤੇ ਸ਼ਹੀਦ ਸਮਾਰਕ ਦਾ ਦੌਰਾ ਕਰਵਾਉਣ ਦਾ ਫੈਸਲਾ ਕੀਤਾ ਹੈ, ਤਾਂ ਜੋ ਨੌਜਵਾਨ ਪੀੜ੍ਹੀ 1857 ਦੀ ਕ੍ਰਾਂਤੀ ਦੇ ਸ਼ਾਨਦਾਰ ਇਤਿਹਾਸ, ਬਹਾਦਰ ਸੈਨਿਕਾਂ ਦੀਆਂ ਕੁਰਬਾਨੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਨੂੰ ਨੇੜਿਓਂ ਜਾਣ ਸਕੇ।

ਉਨ੍ਹਾਂ ਕਿਹਾ ਕਿ ‘ਆਜ਼ਾਦੀ ਦੀ ਪਹਿਲੀ ਲੜਾਈ ਦੇ ਸ਼ਹੀਦ ਸਮਾਰਕ-1857’ ਇਤਿਹਾਸਕ ਸਮਾਰਕ ਸਬੰਧੀ ਕੁਝ ਮਹੱਤਵਪੂਰਨ ਤੱਥ ਸਾਂਝੇ ਕਰਨੇ ਜ਼ਰੂਰੀ ਹਨ। ਖਾਸ ਤੌਰ ’ਤੇ ਦੋ ਸਵਾਲਾਂ ਦੇ ਜਵਾਬ ਜਾਣਨਾ ਜ਼ਰੂਰੀ ਹੈ ਕਿ ਇਹ ਸਮਾਰਕ ਅੰਬਾਲਾ ਛਾਉਣੀ ਵਿੱਚ ਹੀ ਕਿਉਂ ਬਣਾਇਆ ਗਿਆ ਹੈ ਅਤੇ 1857 ਦੀ ਕ੍ਰਾਂਤੀ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਕਿਉਂ ਕਿਹਾ ਜਾਂਦਾ ਹੈ। ਸ੍ਰੀ ਵਿਜ ਨੇ ਕਿਹਾ ਕਿ ਅੰਬਾਲਾ ਛਾਉਣੀ ਵਿੱਚ ਸ਼ਹੀਦ ਸਮਾਰਕ ਬਣਾਉਣ ਦਾ ਮੁੱਖ ਆਧਾਰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਡਾ. ਕੇ. ਸੀ. ਯਾਦਵ ਵੱਲੋਂ ਆਪਣੀ ਖੋਜ ਅਤੇ ਪੁਸਤਕ ਵਿੱਚ ਪੇਸ਼ ਕੀਤੇ ਗਏ ਤੱਥ ਹਨ। ਉਨ੍ਹਾਂ ਦੀ ਖੋਜ ਅਨੁਸਾਰ, 1857 ਦੀ ਕ੍ਰਾਂਤੀ, ਜਿਸ ਨੂੰ ਅੰਗਰੇਜ਼ਾਂ ਨੇ ‘ਮਿਊਟਿਨੀ’ ਯਾਨੀ ਸੈਨਿਕ ਬਗਾਵਤ ਕਿਹਾ ਸੀ, ਮੇਰਠ ਤੋਂ ਲਗਭਗ ਨੌਂ ਘੰਟੇ ਪਹਿਲਾਂ ਅੰਬਾਲਾ ਛਾਉਣੀ ਵਿੱਚ ਸ਼ੁਰੂ ਹੋ ਗਈ ਸੀ। ਉਨ੍ਹਾਂ ਕਿਹਾ ਕਿ ਇਸ ਵਿਸ਼ੇ ’ਤੇ ਉਨ੍ਹਾਂ ਨੇ ਖੁਦ ਵੀ ਡੂੰਘਾਈ ਨਾਲ ਖੋਜ ਕੀਤੀ ਹੈ ਅਤੇ ਕਈ ਮਹੱਤਵਪੂਰਨ ਦਸਤਾਵੇਜ਼ ਇਕੱਠੇ ਕੀਤੇ ਹਨ। ਉਨ੍ਹਾਂ ਅਨੁਸਾਰ, 10 ਮਈ, 1857 ਨੂੰ ਅੰਬਾਲਾ ਛਾਉਣੀ ਦੀ 5ਵੀਂ ਅਤੇ 60ਵੀਂ ਨੇਟਿਵ ਇਨਫੈਂਟਰੀ ਦੇ ਸੈਨਿਕ ਮੇਰਠ ਤੋਂ ਲਗਭਗ ਨੌਂ ਘੰਟੇ ਪਹਿਲਾਂ ਸਵੇਰੇ ਹਥਿਆਰ ਲੈ ਕੇ ਆਪਣੀਆਂ ਬੈਰਕਾਂ ਤੋਂ ਬਾਹਰ ਆ ਗਏ ਸਨ। ਇਹ ਤੱਥ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ 1857 ਦੇ ਵਿਦਰੋਹ ਦੇ ਇਤਿਹਾਸ ਵਿੱਚ ਅੰਬਾਲਾ ਛਾਉਣੀ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ।

ਊਰਜਾ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਸ਼ਟਰੀ ਅਭਿਲੇਖਾਗਾਰ ਤੋਂ ਇੱਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਮਿਲਿਆ ਹੈ, ਜਿਸ ਦੀ ਕਾਪੀ ਵੀ ਉਪਲਬਧ ਕਰਵਾਈ ਜਾਵੇਗੀ। ਇਸ ਦਸਤਾਵੇਜ਼ ਅਨੁਸਾਰ, ਸਤੰਬਰ 1857 ਦੌਰਾਨ ਅੰਬਾਲਾ ਛਾਉਣੀ ਵਿੱਚ 5ਵੀਂ ਅਤੇ 60ਵੀਂ ਨੇਟਿਵ ਇਨਫੈਂਟਰੀ ਦੇ ਸੈਨਿਕਾਂ ਨੂੰ ਪਰੇਡ ਗਰਾਊਂਡ ਵਿੱਚ ਬੁਲਾਇਆ ਗਿਆ ਸੀ। ਇਸੇ ਦੌਰਾਨ ਕਥਿਤ ਤੌਰ ’ਤੇ ਕਿਸੇ ਸੈਨਿਕ ਨੇ ‘ਫਲਾਈ’ ਯਾਨੀ ਭੱਜਣ ਦਾ ਨਾਅਰਾ ਲਗਾਇਆ, ਜਿਸ ਤੋਂ ਬਾਅਦ ਯੂਰਪੀ ਸੈਨਿਕਾਂ ਨੇ ਉਨ੍ਹਾਂ ’ਤੇ ਗੋਲੀਆਂ ਚਲਾ ਦਿੱਤੀਆਂ। ਸ੍ਰੀ ਵਿਜ ਨੇ ਦਾਅਵਾ ਕੀਤਾ ਕਿ ਇਸ ਘਟਨਾ ਵਿੱਚ ਮਹਿਜ਼ 10 ਮਿੰਟਾਂ ਦੇ ਅੰਦਰ 135 ਸੈਨਿਕ ਮਾਰੇ ਗਏ, 33 ਨੂੰ ਬੰਦੀ ਬਣਾ ਲਿਆ ਗਿਆ ਅਤੇ ਲਗਭਗ 40 ਸੈਨਿਕ ਭੱਜਣ ਵਿੱਚ ਕਾਮਯਾਬ ਰਹੇ। ਉਨ੍ਹਾਂ ਕਿਹਾ ਕਿ ਦਸਤਾਵੇਜ਼ ਵਿੱਚ ਦਰਜ ਇਸ ਘਟਨਾ ਦਾ ਵੇਰਵਾ ਅੱਜ ਤੱਕ ਵਿਆਪਕ ਤੌਰ ’ਤੇ ਲੋਕਾਂ ਦੇ ਸਾਹਮਣੇ ਨਹੀਂ ਆਇਆ। ਉਨ੍ਹਾਂ ਅਨੁਸਾਰ, ਇਹ ਘਟਨਾ 1857 ਦੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਅਤੇ ਅਣਗੌਲਿਆ ਅਧਿਆਇ ਹੈ। ਉਨ੍ਹਾਂ ਦੱਸਿਆ ਕਿ ਇੰਨੀ ਵੱਡੀ ਘਟਨਾ ਅੱਜ ਤੱਕ ਦੁਨੀਆ ਦੇ ਸਾਹਮਣੇ ਨਹੀਂ ਆਈ।

ਸ੍ਰੀ ਵਿਜ ਨੇ ਕਿਹਾ ਕਿ 1857 ਦੀ ਕ੍ਰਾਂਤੀ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਕਹਿਣ ਦਾ ਇੱਕ ਮਹੱਤਵਪੂਰਨ ਆਧਾਰ ਇਹ ਵੀ ਹੈ ਕਿ ਇਸ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੀ ਬੰਗਾਲ ਆਰਮੀ ਦੀਆਂ ਜ਼ਿਆਦਾਤਰ ਭਾਰਤੀ ਰੈਜੀਮੈਂਟਾਂ ਨੂੰ ਭੰਗ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵੀ ਇਤਿਹਾਸਕ ਦਸਤਾਵੇਜ਼ ਉਪਲਬਧ ਹਨ। ਉਨ੍ਹਾਂ ਅੰਗਰੇਜ਼ੀ ਦਸਤਾਵੇਜ਼ ਦਾ ਹਵਾਲਾ ਦਿੰਦਿਆਂ ਕਿਹਾ ਕਿ 1857 ਦੇ ਵਿਦਰੋਹ ਤੋਂ ਬਾਅਦ ਬੰਗਾਲ ਆਰਮੀ ਦੀਆਂ 74 ਨਿਯਮਤ ਨੇਟਿਵ ਇਨਫੈਂਟਰੀ ਰੈਜੀਮੈਂਟਾਂ ਵਿੱਚੋਂ 54 ਨੂੰ ਭੰਗ ਕਰ ਦਿੱਤਾ ਗਿਆ ਸੀ। ਵਿਜ ਅਨੁਸਾਰ, 15 ਰੈਜੀਮੈਂਟਾਂ ਨੂੰ ਹਥਿਆਰਾਂ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਇਨ੍ਹਾਂ ਰੈਜੀਮੈਂਟਾਂ ਵਿੱਚੋਂ ਸਿਰਫ਼ ਤਿੰਨ ਨੂੰ ਵਫ਼ਾਦਾਰ ਮੰਨਿਆ ਗਿਆ, ਜਦਕਿ ਸਾਰੀਆਂ 10 ਰੈਗੂਲਰ ਲਾਈਟ ਕੈਵਲਰੀ ਰੈਜੀਮੈਂਟਾਂ ਨੂੰ ਭੰਗ ਕਰ ਦਿੱਤਾ ਗਿਆ ਸੀ। ਇਸ ਦਾ ਮਤਲਬ ਸੀ ਕਿ ਇਨ੍ਹਾਂ ਰੈਜੀਮੈਂਟਾਂ ਨੇ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕ ਲਏ ਸਨ, ਜਦਕਿ ਵੱਡੀ ਗਿਣਤੀ ਵਿੱਚ ਭਾਰਤੀ ਸੈਨਿਕਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤਾ ਸੀ।

ਉਨ੍ਹਾਂ ਕਿਹਾ ਕਿ ਅੰਬਾਲਾ ਛਾਉਣੀ ਵਿੱਚ ਤਾਇਨਾਤ 5ਵੀਂ ਅਤੇ 60ਵੀਂ ਨੇਟਿਵ ਇਨਫੈਂਟਰੀ ਅਤੇ ਚੌਥੀ ਕੈਵਲਰੀ ਨੂੰ ਵੀ ਬਾਅਦ ਵਿੱਚ ਭੰਗ ਕਰ ਦਿੱਤਾ ਗਿਆ ਸੀ। ਵਿਜ ਨੇ ਦਾਅਵਾ ਕੀਤਾ ਕਿ ਸਬੰਧਤ ਸਰਕਾਰੀ ਦਸਤਾਵੇਜ਼ਾਂ ਵਿੱਚ ਇਨ੍ਹਾਂ ਫੌਜੀ ਇਕਾਈਆਂ ਦੇ ਅੱਗੇ ‘ਮਿਊਟਿਨਸ’ ਯਾਨੀ ਵਿਦਰੋਹੀ ਹੋਣ ਦਾ ਜ਼ਿਕਰ ਮਿਲਦਾ ਹੈ। ਉਨ੍ਹਾਂ 1923-24 ਦੇ ਸਰਕਾਰੀ ਗਜ਼ਟੀਅਰ ਦਾ ਵੀ ਹਵਾਲਾ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਤੋਂ ਅੰਬਾਲਾ ਛਾਉਣੀ ਵਿੱਚ ਹੋਏ ਵਿਦਰੋਹ ਦੀ ਇਤਿਹਾਸਕ ਭੂਮਿਕਾ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ।

ਸ੍ਰੀ ਵਿਜ ਨੇ ਦੱਸਿਆ ਕਿ ਲਗਭਗ 22 ਏਕੜ ਵਿੱਚ ਫੈਲਿਆ ਇਹ ਸਮਾਰਕ ਏਸ਼ੀਆ ਦਾ ਸਭ ਤੋਂ ਵੱਡਾ ਸ਼ਹੀਦ ਸਮਾਰਕ ਹੈ ਅਤੇ 1857 ਦੀ ਕ੍ਰਾਂਤੀ ਨੂੰ ਸਮਰਪਿਤ ਦੇਸ਼ ਦਾ ਪਹਿਲਾ ਸਮਾਰਕ ਹੈ। ਉਨ੍ਹਾਂ ਕਿਹਾ ਕਿ ਸਮਾਰਕ ਦੇ ਅੰਦਰ ਅੰਬਾਲਾ ਛਾਉਣੀ ਤੋਂ ਸ਼ੁਰੂ ਹੋ ਕੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲੜੀਆਂ ਗਈਆਂ ਲੜਾਈਆਂ ਦੇ ਪ੍ਰਮੁੱਖ ਘਟਨਾਕ੍ਰਮਾਂ ਨੂੰ ਮੁੜ ਸਿਰਜ ਕੇ ਪ੍ਰਦਰਸ਼ਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਸੰਘਰਸ਼ ਨੂੰ ਨਵੀਂ ਪੀੜ੍ਹੀ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਲਈ ਆਧੁਨਿਕ ਤਕਨੀਕ ਅਤੇ ਵੱਖ-ਵੱਖ ਦ੍ਰਿਸ਼ ਮਾਧਿਅਮਾਂ ਦੀ ਵਰਤੋਂ ਕੀਤੀ ਗਈ ਹੈ। ਸਮਾਰਕ ਵਿੱਚ ਕੁੱਲ 22 ਗੈਲਰੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿੱਚ 1857 ਦੀ ਕ੍ਰਾਂਤੀ, ਕ੍ਰਾਂਤੀਕਾਰੀਆਂ ਦੇ ਸੰਘਰਸ਼ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਜੁੜੇ ਵੱਖ-ਵੱਖ ਪਹਿਲੂਆਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ।

ਊਰਜਾ ਮੰਤਰੀ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਇੱਕ ਵੱਡੀ ਵਿਡੰਬਨਾ ਇਹ ਰਹੀ ਹੈ ਕਿ ਆਜ਼ਾਦੀ ਸੰਗਰਾਮ ਦੇ ਕਈ ਕ੍ਰਾਂਤੀਕਾਰੀਆਂ ਅਤੇ ਸ਼ਹੀਦਾਂ ਨੂੰ ਉਹ ਪਛਾਣ ਨਹੀਂ ਮਿਲੀ, ਜਿਸ ਦੇ ਉਹ ਹੱਕਦਾਰ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬਚਪਨ ਵਿੱਚ ਵੀ ਮੁੱਖ ਤੌਰ ’ਤੇ ਇਹੀ ਪੜ੍ਹਿਆ ਸੀ ਕਿ



ਆਜ਼ਾਦੀ ਦੀ ਲੜਾਈ ਕਾਂਗਰਸ ਨੇ ਲੜੀ, ਜਦਕਿ ਕਾਂਗਰਸ ਦੀ ਸਥਾਪਨਾ 1885 ਵਿੱਚ ਹੋਈ ਸੀ ਅਤੇ ਏ. ਓ. ਹਿਊਮ ਨੇ ਇਸ ਜਥੇਬੰਦੀ ਦਾ ਗਠਨ ਕੀਤਾ ਸੀ ਅਤੇ ਉਸ ਤੋਂ 28 ਸਾਲ ਪਹਿਲਾਂ 1857 ਵਿੱਚ ਦੇਸ਼ ਪੱਧਰ ’ਤੇ ਹਥਿਆਰਬੰਦ ਵਿਦਰੋਹ ਹੋਇਆ ਸੀ। ਸ੍ਰੀ ਵਿਜ ਨੇ ਕਿਹਾ ਕਿ 1857 ਦੀ ਕ੍ਰਾਂਤੀ ਵਿੱਚ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਕਈ ਵੀਰਾਂ ਨੂੰ ਫਾਂਸੀ ਦਿੱਤੀ ਗਈ ਅਤੇ ਕਈ ਕ੍ਰਾਂਤੀਕਾਰੀਆਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਗੋਲੀਆਂ ਮਾਰੀਆਂ ਗਈਆਂ। ਅੰਬਾਲਾ ਵਿੱਚ ਵੀ ਕਾਲੀ ਪਲਟਨ ਦੇ ਨੇੜੇ ਇੱਕ ਅਜਿਹੇ ਸਥਾਨ ਦਾ ਜ਼ਿਕਰ ਮਿਲਦਾ ਹੈ, ਜਿੱਥੇ ਕ੍ਰਾਂਤੀਕਾਰੀਆਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਗੋਲੀ ਮਾਰਨ ਦੀ ਘਟਨਾ ਨਾਲ ਸਬੰਧਤ ਜਾਣਕਾਰੀ ਸਾਹਮਣੇ ਆਉਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵੀਰਾਂ ਦੀਆਂ ਕੁਰਬਾਨੀਆਂ ਨੂੰ ਲੰਬੇ ਸਮੇਂ ਤੱਕ ਉਹ ਸਨਮਾਨ ਨਹੀਂ ਮਿਲਿਆ, ਜਿਸ ਦੇ ਉਹ ਹੱਕਦਾਰ ਸਨ। ਇਸੇ ਕਮੀ ਨੂੰ ਦੂਰ ਕਰਨ ਲਈ ਸਮਾਰਕ ਵਿੱਚ ਇੱਕ ਵਿਸ਼ੇਸ਼ ਗੈਲਰੀ ਬਣਾਈ ਗਈ ਹੈ, ਜੋ ਉਨ੍ਹਾਂ ‘ਅਨਸੰਗ ਹੀਰੋਜ਼’ ਯਾਨੀ ਗੁਮਨਾਮ ਨਾਇਕਾਂ ਨੂੰ ਸਮਰਪਿਤ ਹੋਵੇਗੀ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ।ਉਨ੍ਹਾਂ ਦੱਸਿਆ ਕਿ ਇਨ੍ਹਾਂ ਗੈਲਰੀਆਂ ਰਾਹੀਂ ਅੰਬਾਲਾ ਛਾਉਣੀ, ਥਾਨੇਸਰ, ਰੋਹਤਕ, ਰੇਵਾੜੀ, ਮੇਰਠ, ਦਿੱਲੀ, ਝਾਂਸੀ ਅਤੇ ਦੇਸ਼ ਭਰ ਦੇ ਹੋਰ ਸਥਾਨਾਂ ’ਤੇ ਹੋਈ 1857 ਦੀ ਕ੍ਰਾਂਤੀ ਨੂੰ ਦਰਸਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਰਾਓ ਤੁਲਾ ਰਾਮ ਨੇ ਕ੍ਰਾਂਤੀ ਵਿੱਚ ਹਿੱਸਾ ਲਿਆ। ਇਸੇ ਤਰ੍ਹਾਂ ਝਾਂਸੀ ਦੀ ਰਾਣੀ ਨੇ ਆਜ਼ਾਦੀ ਦੀ ਪਹਿਲੀ ਲੜਾਈ ਲੜੀ ਅਤੇ ਤਾਤਿਆ ਟੋਪੇ ਨੇ ਆਜ਼ਾਦੀ ਲਈ ਸੰਘਰਸ਼ ਕੀਤਾ। ਇਹ ਰਾਸ਼ਟਰੀ ਪੱਧਰ ਦਾ ਸਮਾਰਕ ਅੰਬਾਲਾ ਛਾਉਣੀ ਵਿੱਚ ਬਣਾਇਆ ਗਿਆ ਹੈ।ਸ੍ਰੀ ਵਿਜ ਨੇ ਦੱਸਿਆ ਕਿ ਦੇਸ਼ ਦੇ ਪ੍ਰਮੁੱਖ ਇਤਿਹਾਸਕਾਰਾਂ ਦੀ ਇੱਕ ਕਮੇਟੀ ਗਠਿਤ ਕੀਤੀ ਗਈ ਸੀ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਵਿਆਪਕ ਖੋਜ ਕੀਤੀ ਗਈ। ਇਸ ਪ੍ਰਕਿਰਿਆ ਵਿੱਚ ਲਗਭਗ 700 ਸ਼ਹੀਦਾਂ ਦੇ ਨਾਮ ਇਕੱਠੇ ਕੀਤੇ ਗਏ ਹਨ, ਜਿਨ੍ਹਾਂ ਨੂੰ ਸਮਾਰਕ ਵਿੱਚ ਸੁਨਹਿਰੀ ਅੱਖਰਾਂ ਵਿੱਚ ਉੱਕਰਿਆ ਜਾਵੇਗਾ। ਹਰੇਕ ਕ੍ਰਾਂਤੀਕਾਰੀ ਦਾ ਨਾਮ, ਪਿਤਾ ਦਾ ਨਾਮ ਅਤੇ ਪਿੰਡ ਦਾ ਨਾਮ ਵੀ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮਾਰਕ ਦੇ ਉਦਘਾਟਨ ਤੋਂ ਬਾਅਦ ਜੇਕਰ ਖੋਜ ਜਾਂ ਸਮਾਜਿਕ ਪੱਧਰ ’ਤੇ ਸਬੂਤਾਂ ਦੇ ਆਧਾਰ ’ਤੇ ਹੋਰ ਸ਼ਹੀਦਾਂ ਦੇ ਨਾਮ ਸਾਹਮਣੇ ਆਉਂਦੇ ਹਨ, ਤਾਂ ਉਨ੍ਹਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ।

ਸ੍ਰੀ ਵਿਜ ਨੇ ਦੱਸਿਆ ਕਿ ਸਮਾਰਕ ਵਿੱਚ ਗੁਮਨਾਮ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਵਿਸ਼ੇਸ਼ ਗੈਲਰੀ ਬਣਾਈ ਗਈ ਹੈ। ਇਸ ਵਿੱਚ ਇੱਕ ਸਮੇਂ ਲਗਭਗ 40 ਲੋਕ ਇਕੱਠੇ ਖੜ੍ਹੇ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਸਕਣਗੇ। ਉਨ੍ਹਾਂ ਕਿਹਾ ਕਿ ਸ਼ਰਧਾਂਜਲੀ ਦੇਣ ਦੀ ਇਸ ਪ੍ਰਕਿਰਿਆ ਨੂੰ ਵਿਸ਼ੇਸ਼ ਤਕਨੀਕ ਨਾਲ ਜੋੜਿਆ ਗਿਆ ਹੈ, ਜਿਸ ਦੇ ਤਹਿਤ ਸ਼ਰਧਾਂਜਲੀ ਭੇਟ ਕਰਨ ’ਤੇ ਇੱਕ ਜੋਤ ਪ੍ਰਜਵਲਿਤ ਹੋਵੇਗੀ, ਜੋ ਆਕਾਸ਼ ਵੱਲ ਉੱਠਦੀ ਦਿਖਾਈ ਦੇਵੇਗੀ। ਇਸ ਦੇ ਨਾਲ ਹੀ ਸ਼ਰਧਾਂਜਲੀ ਦੇਣ ਵਾਲੇ ਵਿਅਕਤੀ ਦਾ ਨਾਮ ਵੀ ਰਿਕਾਰਡ ਵਿੱਚ ਦਰਜ ਕੀਤਾ ਜਾਵੇਗਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਹ ਜਾਣ ਸਕਣ ਕਿ ਉਨ੍ਹਾਂ ਦੇ ਪੁਰਖਿਆਂ ਯਾਨੀ ਦਾਦਾ-ਨਾਨਾ ਆਦਿ ਨੇ ਵੀ ਇਨ੍ਹਾਂ ਗੁਮਨਾਮ ਸ਼ਹੀਦਾਂ ਨੂੰ ਸਨਮਾਨ ਅਤੇ ਸ਼ਰਧਾਂਜਲੀ ਭੇਟ ਕੀਤੀ ਸੀ। ਊਰਜਾ ਮੰਤਰੀ ਨੇ ਕਿਹਾ ਕਿ ਇਹ ਸਮਾਰਕ ਉਨ੍ਹਾਂ ਇਤਿਹਾਸਕ ਗਲਤੀਆਂ ਨੂੰ ਸੁਧਾਰਨ ਦਾ ਯਤਨ ਹੈ, ਜਿਨ੍ਹਾਂ ਕਾਰਨ ਦੇਸ਼ ਦੇ ਕਈ ਕੁਰਬਾਨੀ ਕਰਨ ਵਾਲਿਆਂ ਨੂੰ ਉਚਿਤ ਸਨਮਾਨ ਨਹੀਂ ਮਿਲ ਸਕਿਆ। ਉਨ੍ਹਾਂ ਕਿਹਾ ਕਿ 1857 ਦੀ ਕ੍ਰਾਂਤੀ ਦੇ ਇਨ੍ਹਾਂ ਅਣਸੁਣੇ ਨਾਇਕਾਂ ਨੂੰ ਇਤਿਹਾਸ ਵਿੱਚ ਉਨ੍ਹਾਂ ਦਾ ਉਚਿਤ ਸਥਾਨ ਦਿਵਾਉਣਾ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਹੀ ਇਸ ਸ਼ਹੀਦ ਸਮਾਰਕ ਦਾ ਮੁੱਖ ਉਦੇਸ਼ ਹੈ।ਮੰਤਰੀ ਅਨਿਲ ਵਿਜ ਨੇ ਕਿਹਾ ਕਿ 1857 ਦੀ ਕ੍ਰਾਂਤੀ ਦੇ ਇਤਿਹਾਸ ਨੂੰ ਸਮਝਣ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ 10 ਮਈ ਨੂੰ ਐਤਵਾਰ ਸੀ। ਉਸ ਸਮੇਂ ਅੰਗਰੇਜ਼ ਅਧਿਕਾਰੀ ਐਤਵਾਰ ਨੂੰ ਚਰਚ ਜਾਇਆ ਕਰਦੇ ਸਨ। ਕ੍ਰਾਂਤੀਕਾਰੀਆਂ ਨੇ ਇਸੇ ਸਥਿਤੀ ਦਾ ਲਾਭ ਉਠਾ ਕੇ ਅੰਗਰੇਜ਼ਾਂ ਵਿਰੁੱਧ ਨਿਰਣਾਇਕ ਕਾਰਵਾਈ ਦੀ ਯੋਜਨਾ ਬਣਾਈ ਸੀ। ਇਸ ਤੋਂ ਪਹਿਲਾਂ, 26 ਮਾਰਚ ਤੋਂ ਹੀ ਉਨ੍ਹਾਂ ਸਰਕਾਰੀ ਬੰਗਲਿਆਂ ਅਤੇ ਕੋਠੀਆਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਸ਼ੁਰੂ ਹੋ ਗਈਆਂ ਸਨ, ਜਿਨ੍ਹਾਂ ਨੂੰ ਕ੍ਰਾਂਤੀਕਾਰੀ ਆਪਣੀ ਯੋਜਨਾ ਵਿੱਚ ਰੁਕਾਵਟ ਮੰਨਦੇ ਸਨ। ਉਨ੍ਹਾਂ ਕਿਹਾ ਕਿ ਅੰਬਾਲਾ ਛਾਉਣੀ ਵਿੱਚ ਅੱਗ ਲਗਾਈਆਂ ਗਈਆਂ ਕੋਠੀਆਂ ਦਾ ਪੂਰਾ ਵੇਰਵਾ, ਤਰੀਕਾਂ ਅਤੇ ਪਤਿਆਂ ਸਮੇਤ, ਸਰਕਾਰੀ ਰਿਕਾਰਡ ਅਤੇ ਗਜ਼ਟ ਵਿੱਚ ਦਰਜ ਹੈ ਅਤੇ ਇਸ ਦੇ ਦਸਤਾਵੇਜ਼ ਵੀ ਉਪਲਬਧ ਹਨ।

ਸ੍ਰੀ ਵਿਜ ਨੇ ਕਿਹਾ ਕਿ ਸ਼ਹੀਦ ਸਮਾਰਕ ਵਿੱਚ 63 ਮੀਟਰ ਉੱਚਾ ਕਮਲ ਦਾ ਫੁੱਲ ਬਣਾਇਆ ਗਿਆ ਹੈ, ਜਿਸ ਵਿੱਚ ਦੋ ਹਾਈ-ਸਪੀਡ ਲਿਫਟਾਂ ਲਗਾਈਆਂ ਗਈਆਂ ਹਨ। ਇੱਥੇ ਸਕਾਈ ਕੈਫੇ, ਫੂਡ ਕੋਰਟ ਅਤੇ ਸਾਫਟਵੇਅਰ ਨਾਲ ਸਬੰਧਤ ਦੁਕਾਨਾਂ ਖੋਲ੍ਹਣ ਦੀ ਵੀ ਯੋਜਨਾ ਹੈ। ਸਮਾਰਕ ਕੰਪਲੈਕਸ ਵਿੱਚ ਹੈਲੀਪੈਡ ਵੀ ਬਣਾਇਆ ਗਿਆ ਹੈ, ਤਾਂ ਜੋ ਵਿਦੇਸ਼ਾਂ ਤੋਂ ਆਉਣ ਵਾਲੇ ਵਿਸ਼ੇਸ਼ ਮਹਿਮਾਨਾਂ ਅਤੇ ਵੀ.ਵੀ.ਆਈ.ਪੀਜ਼ ਨੂੰ ਇੱਥੇ ਲਿਆਂਦਾ ਜਾ ਸਕੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਵਿਦੇਸ਼ੀ ਮਹਿਮਾਨਾਂ ਨੂੰ ਦੇਸ਼ ਦੇ ਹੋਰ ਇਤਿਹਾਸਕ ਸਥਾਨਾਂ ਦਾ ਦੌਰਾ ਕਰਵਾਇਆ ਜਾਂਦਾ ਹੈ, ਉਸੇ ਤਰ੍ਹਾਂ ਅੰਬਾਲਾ ਦੇ ਇਸ ਸ਼ਹੀਦ ਸਮਾਰਕ ਨੂੰ ਵੀ ਦਿਖਾਇਆ ਜਾ ਸਕੇਗਾ।

ਕਮਲ ਦੇ ਫੁੱਲ ਨੂੰ ਲੈ ਕੇ ਉਠਾਏ ਜਾਣ ਵਾਲੇ ਸਵਾਲਾਂ ’ਤੇ ਸ੍ਰੀ ਵਿਜ ਨੇ ਕਿਹਾ ਕਿ 1857 ਦੀ ਕ੍ਰਾਂਤੀ ਵਿੱਚ ਕਮਲ ਦਾ ਫੁੱਲ ਅਤੇ ਰੋਟੀ ਦੋਵੇਂ ਮਹੱਤਵਪੂਰਨ ਸੰਦੇਸ਼ਵਾਹਕ ਸਨ। ਕ੍ਰਾਂਤੀਕਾਰੀ ਇੱਕ ਫੌਜੀ ਟੁਕੜੀ ਤੋਂ ਦੂਜੀ ਟੁਕੜੀ ਤੱਕ ਕਮਲ ਦਾ ਫੁੱਲ ਅਤੇ ਰੋਟੀ ਭੇਜ ਕੇ ਆਪਸੀ ਸੰਪਰਕ ਸਥਾਪਤ ਕਰਦੇ ਸਨ। ਜਿਸ ਟੁਕੜੀ ਤੱਕ ਇਹ ਪ੍ਰਤੀਕ ਪਹੁੰਚਦੇ ਸਨ, ਉਸ ਨੂੰ ਕ੍ਰਾਂਤੀ ਵਿੱਚ ਸ਼ਾਮਲ ਹੋਣ ਦੀ ਸਹਿਮਤੀ ਵਜੋਂ ਦੇਖਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਇਹ ਪੂਰੀ ਪ੍ਰਕਿਰਿਆ ਬਹੁਤ ਹੀ ਗੁਪਤ ਤਰੀਕੇ ਨਾਲ ਚਲਾਈ ਜਾਂਦੀ ਸੀ, ਤਾਂ ਜੋ ਅੰਗਰੇਜ਼ਾਂ ਨੂੰ ਕ੍ਰਾਂਤੀਕਾਰੀਆਂ ਦੀਆਂ ਯੋਜਨਾਵਾਂ ਦੀ ਭਿਣਕ ਤੱਕ ਨਾ ਲੱਗੇ।

ਸ੍ਰੀ ਵਿਜ ਨੇ ਕਿਹਾ ਕਿ ਇੱਕ ਵਾਰ ਕਿਸੇ ਵਿਅਕਤੀ ਨੇ ਸਵਾਲ ਉਠਾਇਆ ਸੀ ਕਿ ਉਨ੍ਹਾਂ ਨੇ ਸ਼ਹੀਦ ਸਮਾਰਕ ਵਿੱਚ ਕਮਲ ਦਾ ਫੁੱਲ ਕਿਉਂ ਬਣਵਾਇਆ, ਜਦਕਿ ਇਹ ਉਨ੍ਹਾਂ ਦੀ ਪਾਰਟੀ ਦਾ ਚੋਣ ਨਿਸ਼ਾਨ ਵੀ ਹੈ। ਇਸ ’ਤੇ ਉਨ੍ਹਾਂ ਜਵਾਬ ਦਿੱਤਾ ਸੀ ਕਿ ਪਹਿਲਾਂ ਇਤਿਹਾਸ ਪੜ੍ਹਨਾ ਚਾਹੀਦਾ ਹੈ। ਇਤਿਹਾਸ ਵਿੱਚ ਕਮਲ ਦੇ ਫੁੱਲ ਅਤੇ ਰੋਟੀ ਰਾਹੀਂ ਕ੍ਰਾਂਤੀਕਾਰੀਆਂ ਵਿਚਕਾਰ ਸੰਦੇਸ਼ ਪਹੁੰਚਾਉਣ ਦਾ ਜ਼ਿਕਰ ਮਿਲਦਾ ਹੈ। ਇਸ ਲਈ ਸਮਾਰਕ ਵਿੱਚ ਕਮਲ ਦੇ ਫੁੱਲ ਦਾ ਨਿਰਮਾਣ ਸਿਰਫ਼ ਇੱਕ ਪ੍ਰਤੀਕਾਤਮਕ ਢਾਂਚਾ ਨਹੀਂ, ਸਗੋਂ 1857 ਦੀ ਕ੍ਰਾਂਤੀ ਨਾਲ ਜੁੜੀ ਇਤਿਹਾਸਕ ਪਰੰਪਰਾ ਨੂੰ ਦਰਸਾਉਣ ਦਾ ਯਤਨ ਹੈ।

ਊਰਜਾ ਮੰਤਰੀ ਸ੍ਰੀ ਅਨਿਲ ਵਿਜ ਨੇ ਦੱਸਿਆ ਕਿ ਹਰਿਆਣਾ ਸਰਕਾਰ ਨੇ ਸੂਬੇ ਦੇ ਸਾਰੇ ਵਿਦਿਆਰਥੀਆਂ ਨੂੰ ਸ਼ਹੀਦ ਸਮਾਰਕ ਦਾ ਦੌਰਾ ਕਰਵਾਉਣ ਦਾ ਫੈਸਲਾ ਕੀਤਾ ਹੈ ਅਤੇ ਇਸ ਸਬੰਧ ਵਿੱਚ ਹੁਕਮ ਵੀ ਜਾਰੀ ਕੀਤੇ ਜਾ ਚੁੱਕੇ ਹਨ। ਇਸ ਦੇ ਤਹਿਤ ਕਾਲਜਾਂ, ਪੌਲੀਟੈਕਨਿਕ ਸੰਸਥਾਵਾਂ, ਇੰਜੀਨੀਅਰਿੰਗ ਕਾਲਜਾਂ ਅਤੇ ਮੈਡੀਕਲ ਕਾਲਜਾਂ ਸਮੇਤ ਹੋਰ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਖਰਚੇ ’ਤੇ ਸਮਾਰਕ ਦਿਖਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਰੋਜ਼ਾਨਾ ਲਗਭਗ 50 ਬੱਸਾਂ ਇੱਥੇ ਲਿਆਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ, ਸਕੂਲਾਂ ਦੇ ਬੱਚਿਆਂ ਨੂੰ ਵੀ ਸਮਾਰਕ ਦਾ ਦੌਰਾ ਕਰਵਾਇਆ ਜਾਵੇਗਾ, ਤਾਂ ਜੋ ਨਵੀਂ ਪੀੜ੍ਹੀ ਦੇਸ਼ ਦੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਨੂੰ ਸਹੀ ਢੰਗ ਨਾਲ ਸਮਝ ਸਕੇ।

ਸ੍ਰੀ ਵਿਜ ਨੇ ਕਿਹਾ ਕਿ ਸ਼ਹੀਦ ਸਮਾਰਕ ਦਾ ਨਿਰਮਾਣ ਉਨ੍ਹਾਂ ਸਾਰੇ ਆਜ਼ਾਦੀ ਘੁਲਾਟੀਆਂ ਅਤੇ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਦੇਣ ਦੇ ਉਦੇਸ਼ ਨਾਲ ਕੀਤਾ ਗਿਆ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਯੋਗਦਾਨ ਪਾਇਆ। ਉਨ੍ਹਾਂ ਕਿਹਾ, ਆਜ਼ਾਦੀ ਦੀ ਲੜਾਈ ਵਿੱਚ ਜਿਸ ਨੇ ਵੀ ਇੱਕ ਕਦਮ ਅੱਗੇ ਵਧਾਇਆ, ਮੈਂ ਉਸ ਦੇ ਚਰਨ ਸਪਰਸ਼ ਕਰਦਾ ਹਾਂ। ਸਾਡਾ ਉਦੇਸ਼ ਉਨ੍ਹਾਂ ਸਾਰੇ ਵੀਰਾਂ ਨੂੰ ਸਨਮਾਨ ਦੇਣਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ ਅਤੇ ਜਿਨ੍ਹਾਂ ਦੇ ਯੋਗਦਾਨ ਨੂੰ ਉਚਿਤ ਪਛਾਣ ਨਹੀਂ ਮਿਲ ਸਕੀ।

ਉਨ੍ਹਾਂ ਕਿਹਾ ਕਿ 1857 ਦੀ ਕ੍ਰਾਂਤੀ ਵਿੱਚ ਸੈਨਿਕਾਂ ਨੇ ਆਪਣੇ ਪ੍ਰਾਣਾਂ ਅਤੇ ਖੂਨ ਦੀ ਕੁਰਬਾਨੀ ਦੇ ਕੇ ਆਜ਼ਾਦੀ ਦੀ ਜੋ ਲਾਟ ਜਗਾਈ ਸੀ, ਉਹੀ ਅੱਗੇ ਚੱਲ ਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਲਈ ਪ੍ਰੇਰਣਾ ਬਣੀ।



## ਮੁੱਖ ਕਾਰਨ

**• ਬਿੰਦਰ ਸਿੰਘ ਖੁੱਡੀ ਕਲਾਂ**

'ਬਾਪੂ ਘਰੇ ਆਈ ਕੰਮ ਆ ਮਾੜਾ ਜਾ' ਸੱਥ 'ਚ ਬੈਠੇ ਅੱਸੀ ਵਰ੍ਹਿਆਂ ਦੇ ਜਾਗਰ ਸਿਹੁੰ ਨੂੰ ਉਸ ਦੇ ਪੋਤੇ ਨੇ ਆਵਾਜ਼ ਮਾਰੀ। 'ਐਥੇ ਈ ਦੱਸ ਦੇ, ਕੀ ਕੰਮ ਆ, ਵਾਰ-ਵਾਰ ਘਰੇ ਆਉਣਾ-ਜਾਣਾ ਮੈਨੂੰ ਔਖਾ ਲੱਗਦਾ'। ਜਾਗਰ ਸਿਹੁੰ ਬੋਲਿਆ। 'ਬਾਪੂ ਦੋ ਕੁ ਹਜ਼ਾਰ ਰੁਪਈਆ ਦੇਵੀਂ, ਕਾਰ 'ਚ ਤੇਲ ਪਵਾਉਣ ਨੂੰ, ਮੈਂ ਸਹੁਰੀਂ ਜਾ ਕੇ ਆਉਣਾ'। ਪੋਤੇ ਨੇ ਗੱਲ ਸਪੱਸ਼ਟ ਕੀਤੀ।

'ਦੋ ਹਜ਼ਾਰ ਰੁਪਈਆ ਤੇਲ ਲਈ'? ਜਾਗਰ ਸਿਹੁੰ ਪ੍ਰੇਸ਼ਾਨ ਜਿਹਾ ਹੋ ਕੇ ਬੋਲਿਆ, 'ਅਸੀਂ ਤਾਂ ਮੁਫ਼ਤੋ-ਮੁਫ਼ਤੀ ਸਹੁਰੀਂ ਜਾ ਆਉਂਦੇ ਸੀ। ਪੈਦਲ ਜਾਣਾ ਤੇ ਪੈਦਲ ਆਉਣਾ। ਚਲ ਤੂੰ ਬੱਸ 'ਤੇ ਚਲਾ ਜਾਹ, ਸਾਰਾ ਈ ਦੋ ਸੌ ਰੁਪਈਆ ਲੱਗੂ ਥੋਡਾ, ਤਿੰਨੇ ਜਣਿਆਂ ਦਾ'। 'ਬਾਪੂ ਤੂੰ ਤਾਂ ਪੁਰਾਣੀਆਂ ਗੱਲਾਂ ਕਰਦੈਂ, ਹੁਣ ਥੋਡੇ ਵਾਲੇ ਜ਼ਮਾਨੇ ਨਹੀਂ ਰਹੇ ਵੀ ਪੈਸੇਂ ਦੀ ਖਾਤਿਰ ਮਰੂੰ ਮਰੂੰ ਕਰੀ ਚਲੋ'। ਪੋਤਰੇ ਨੇ ਜਵਾਬ ਦਿੱਤਾ।

'ਹਾਂ ਪੁੱਤ ਤੂੰ ਸੱਚ ਈ ਕਹਿਨੈ, ਹੁਣ ਸੱਚੀਂ ਸਾਡੇ ਵਾਲੇ ਜ਼ਮਾਨੇ ਨੀ ਰਹੇ। ਸਾਡੇ ਵੇਲੇ ਲੋਕ ਚਾਦਰ ਵੇਖ ਕੇ ਪੈਰ ਪਸਾਰਦੇ ਹੁੰਦੇ ਸੀ ਨਾਲੇ ਪੈਸੇ ਦੀ ਖਾਤਿਰ ਮਰੂੰ-ਮਰੂੰ ਤਾਂ ਕਰਦੇ ਹੁੰਦੇ ਸੀ ਪਰ ਆਪ ਨਹੀਂ ਸੀ ਮਰਦੇ। ਸਾਡੇ ਵੇਲੇ ਲੋਕ ਆਮਦਨ ਤੇ ਖਰਚੇ ਦਾ ਹਿਸਾਬ ਰੱਖ ਕੇ ਪੈਸਾ ਖਰਚਦੇ ਸਨ'। ਖ਼ੁਦਕੁਸ਼ੀਆਂ ਦੇ ਮੁੱਖ ਕਾਰਨ ਦਾ ਖੁਲਾਸਾ ਕਰਦਾ ਜਾਗਰ ਸਿਹੁੰ ਖੂੰਡੀ ਚੁੱਕ ਘਰ ਵੱਲ ਨੂੰ ਹੋ ਤੁਰਿਆ। *ਮੋਬਾਈਲ : 98786-05965*

ਮਿੰਨੀ ਕਹਾਣੀਆਂ

## ਪੁੰਨ



ਰਾਮ ਚੰਦ ਨੂੰ ਬਜ਼ਾਰੋਂ ਵਾਪਿਸ ਆਉਂਦਿਆਂ ਉਸ ਦੀ ਘਰਵਾਲੀ ਨੇ ਫੋਨ ਕੀਤਾ ਕਿ ਬੱਚਿਆਂ ਦੇ ਖਾਣ ਲਈ ਬਰੈੱਡ ਜ਼ਰੂਰ ਲੈ ਆਉਣਾ। ਉਸ ਨੇ ਆਪਣਾ ਸਾਈਕਲ ਇਕ ਦੁਕਾਨ ਦੇ ਬਾਹਰ ਖੜ੍ਹਾ ਕੀਤਾ ਤੇ ਬਾਹਰ ਰੱਖੇ ਬਰੈੱਡਾਂ ਨੂੰ ਵੇਖਣ ਲੱਗਾ। ਉਸ ਨੇ ਨੋਟ ਕੀਤਾ ਕਿ ਬਰੈੱਡ ਦੇ ਪੈਕਟਾਂ ਉੱਪਰ ਛਪੀ ਖਾਣ ਦੀ ਮਿਆਦ ਨੂੰ ਲੰਘੇ ਹੋਏ ਤਾਂ ਕਾਫੀ ਦਿਨ ਹੋ ਚੁੱਕੇ ਹਨ।

ਉਸ ਨੇ ਇਸ ਸਬੰਧੀ ਦੁਕਾਨਦਾਰ ਨੂੰ ਕਿਹਾ ਤਾਂ ਦੁਕਾਨਦਾਰ ਨੇ ਉਸ ਨੂੰ ਕਲ੍ਹ ਨੂੰ ਬਰੈੱਡ ਲੈ ਕੇ ਜਾਣ ਦੇ ਲਈ ਕਹਿ ਕੇ ਆਪਣੇ ਨੌਕਰ ਰਾਮੂ ਨੂੰ ਆਵਾਜ਼ ਮਾਰਦਿਆਂ ਕਿਹਾ ਕਿ ਰਾਮੂ ਇਹ ਸਾਰੀਆਂ ਬਰੈੱਡਾਂ ਦੇ ਪੈਕਟ ਸਾਡੇ ਮੁੱਹਲੇ ਦੇ ਧਾਰਮਿਕ ਸਥਾਨ 'ਤੇ ਛੱਡ ਆ।

ਕਿਸੇ ਇਨਸਾਨ ਦੇ ਮੂੰਹ ਵਿਚ ਪੈਣਗੇ ਅਤੇ ਪੁੰਨ ਦਾ ਕੰਮ ਵੀ ਹੋ ਜਾਵੇਗਾ। ਹੁਣ ਰਾਮ ਚੰਦ ਸਾਈਕਲ ਚਲਾਉਂਦਾ ਹੋਇਆ ਦੁਕਾਨਦਾਰ ਵੱਲੋਂ ਕੀਤੇ ਗਏ ਉਸ ਪੁੰਨ ਦੇ ਕੰਮ ਬਾਰੇ ਸੋਚਦਾ ਜਾ ਰਿਹਾ ਸੀ। ਆਪਣੇ ਬੱਚਿਆਂ ਲਈ ਬਰੈੱਡ ਲੈਣ ਦਾ ਚੇਤਾ ਉਸ ਨੂੰ ਭੁੱਲ ਹੀ ਗਿਆ ਸੀ।

**• ਚਮਨਦੀਪ ਸ਼ਰਮਾ,** *ਮੋਬਾਈਲ : 95010-33005*

# ਆਧੁਨਿਕ ਸੰਵੇਦਨਾ ਦਾ ਸ਼ਾਇਰ ਹਰਮੀਤ ਵਿਦਿਆਰਥੀ



**ਪ੍ਰੋ. ਜਸਪਾਲ ਘਈ**
*ਮੋਬਾਈਲ : 99150-99926*

***ਹਰਮੀਤ ਦੀ ਸ਼ਾਇਰੀ ਚਿੰਤਾ, ਚਿੰਤਨ ਅਤੇ ਚਾਹਤ ਦੀ ਸ਼ਾਇਰੀ ਹੈ। ਇਸ ਵਿਚ ਯਥਾਰਥ ਦੀ ਕਰੂਰਤਾ ਤੇ ਅਮਾਨਵੀਪਨ ਉੱਪਰ ਗਹਿਰੀ ਚਿੰਤਾ ਅਤੇ ਦੁੱਖ ਹੈ। ਉਹ ਸਥਿਤੀ ਪਿੱਛੇ ਗਤੀਸ਼ੀਲ ਕਾਰਨਾਂ ਅਤੇ ਸ਼ਕਤੀਆਂ ਨੂੰ ਸਾਹਮਣੇ ਲਿਆਉਣ ਵਾਲਾ ਚਿੰਤਕ ਤਾਂ ਹੈ ਇਸ ਦੇ ਨਾਲ ਹੀ ਇਨ੍ਹਾਂ ਕਰੂਰ ਸਥਿਤੀਆਂ ਨੂੰ ਬਦਲਣ ਦੀ ਤੀਬਰ ਚਾਹਤ ਵੀ ਹੈ ਉਸ ਵਿਚ...***

ਹਰਮੀਤ ਵਿਦਿਆਰਥੀ ਸਮਕਾਲੀ ਪੰਜਾਬੀ ਸ਼ਾਇਰਾਂ ਦੀ ਉਸ ਢਾਣੀ ਵਿਚ ਨਿਵੇਕਲਾ ਸਥਾਨ ਰੱਖਣ ਵਾਲਾ ਸ਼ਾਇਰ ਹੈ, ਜੋ ਸਮਾਜਿਕ ਯਥਾਰਥ ਨੂੰ ਇਸ ਦੇ ਬਹੁਪਰਤੀ ਵਿਵੇਕ ਸਮੇਤ ਕਾਵਿ ਬਿੰਬ ਵਿਚ ਢਾਲਣ ਦੀ ਸਮਰਥਾ ਰਖਦੇ ਹਨ। ਉਸ ਦੀ ਸ਼ਾਇਰੀ ਚਿੰਤਾ, ਚਿੰਤਨ ਅਤੇ ਚਾਹਤ ਦੀ ਸ਼ਾਇਰੀ ਹੈ। ਕਿਉਂਕਿ ਇਸ ਵਿਚ ਯਥਾਰਥ ਦੀ ਕਰੂਰਤਾ ਤੇ ਅਮਾਨਵੀਪਨ ਉੱਪਰ ਗਹਿਰੀ ਚਿੰਤਾ ਅਤੇ ਦੁੱਖ ਹੈ, ਇਸ ਵਸਤੂ ਸਥਿਤੀ ਪਿੱਛੇ ਗਤੀਸ਼ੀਲ ਕਾਰਨਾਂ ਅਤੇ ਸ਼ਕਤੀਆਂ ਨੂੰ ਸਾਹਮਣੇ ਲਿਆਉਣ ਵਾਲਾ ਚਿੰਤਕ ਵੀ ਹੈ ਅਤੇ ਇਨ੍ਹਾਂ ਕਰੂਰ ਸਥਿਤੀਆਂ ਨੂੰ ਬਦਲਣ ਦੀ ਤੀਬਰ ਚਾਹਤ ਵੀ ਹੈ। ਇੰਜ ਉਸ ਦੀ ਸ਼ਾਇਰੀ ਸੰਵੇਦਨਾ ਤੋਂ ਚਿੰਤਨੀ ਵਿਵੇਕ ਤਕ ਫੈਲੀ ਹੋਈ ਹੈ, ਜਿਸ ਵਿੱਚੋਂ ਉਸ ਦੀ ਲੋਕ ਪੱਖੀ ਵਿਚਾਰਧਾਰਾ ਦੀ ਸਪਸ਼ਟ ਝਲਕ ਪ੍ਰਾਪਤ ਹੁੰਦੀ ਹੈ, ਦੇਖੋ ਵੰਨਗੀ :

*ਮੇਰੀ ਜੀਭਾ ਨੂੰ ਚੁੱਪ ਰਹਿਣਾ*
*ਨਹੀਂ ਆਇਆ ਅਜੇ ਤੀਕਰ,*
*ਬੜ੍ਹਾ ਮੁਸ਼ਕਿਲ ਹੈ ਪਰ ਹੈ ਲਾਜ਼ਮੀ*
*ਸੱਚ ਬੋਲਦੇ ਰਹਿਣਾ।*
*ਮਿਲੀ ਗੁੜ੍ਹਤੀ ਸੀ ਤੇਗਾਂ ਨੇਜ਼ਿਆਂ*
*ਸੰਗ ਖੇਡਣੇ ਦੀ ਪਰ,*
*ਇਹ ਕਿੱਥੋਂ ਆ ਗਿਆ ਹੈ*
*ਗਿੜਗਿੜਾਉਣਾ ਰੀਂਗਦੇ ਰਹਿਣਾ।*

ਹਰਮੀਤ ਵਿਦਿਆਰਥੀ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ ਅਤੇ ਅਨੇਕਾਂ ਖੇਤਰਾਂ ਵਿਚ ਸਰਗਰਮ ਹੈ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੀਤ ਪ੍ਰਧਾਨ ਰਿਹਾ ਹੈ ਅਤੇ ਜਨਰਲ ਸਕੱਤਰ ਵੀ। ਉਹ ਰੈਵੇਨਿਊ ਪਟਵਾਰ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਅਤੇ ਸਟੇਟ ਪੱਧਰ ਦਾ ਅਹੁਦੇਦਾਰ ਹੈ। ਉਹ ਅਨੇਕਾਂ ਸਮਾਜਿਕ ਸੱਭਿਆਚਾਰਕ ਜੱਥੇਬੰਦੀਆਂ ਵਿਚ ਸਰਗਰਮ ਹੈ। ਸ਼ਾਇਰ, ਚਿੰਤਕ, ਜੱਥੇਬੰਦਕ ਆਗੂ, ਸੰਪਾਦਕ, ਪਬਲਿਸ਼ਰ, ਐਂਕਰ, ਅਨੇਕਾਂ ਖੇਤਰਾਂ ਨਾਲ ਉਹ ਜੁੜਿਆ ਰਿਹਾ ਹੈ ਅਤੇ ਹਰ ਖੇਤਰ ਦਾ ਚਰਚਿਤ ਹਸਤਾਖਰ ਵੀ ਮੰਨਿਆ ਜਾਂਦਾ ਹੈ।

ਹਰਮੀਤ ਵਿਦਿਆਰਥੀ ਦਾ ਜਨਮ 9 ਜਨਵਰੀ 1968 ਨੂੰ ਫ਼ਿਰੋਜ਼ਪੁਰ ਵਿਖੇ ਹੋਇਆ। ਉਸ ਨੇ ਅੱਠਵੀਂ ਤਕ ਦੀ ਪੜ੍ਹਾਈ ਫ਼ਿਰੋਜ਼ਪੁਰ ਕੀਤੀ। ਪਿਤਾ ਸ. ਅਮਰੀਕ ਸਿੰਘ ਨਹਿਰ ਵਿਭਾਗ ਵਿਚ ਸਨ। ਉਨ੍ਹਾਂ ਦੀ ਬਦਲੀ ਹੋਣ ਕਾਰਨ ਪਰਿਵਾਰ ਫ਼ਰੀਦਕੋਟ ਆ ਗਿਆ। ਇਥੋਂ ਦੇ ਬਲਵੀਰ ਹਾਈ ਸਕੂਲ ਤੋਂ ਉਸ ਨੇ ਦਸਵੀਂ ਪਾਸ ਕੀਤੀ ਤੇ ਬਰਜਿੰਦਰਾ ਕਾਲਜ ਵਿਚ ਉਚੇਰੀ ਪੜ੍ਹਾਈ ਲਈ ਜਾ ਦਾਖ਼ਲ ਹੋਇਆ। ਭਾਵੇਂ ਬੀਏ ਅਤੇ ਐਮਏ (ਪੰਜਾਬੀ) ਉਸ ਨੇ ਪ੍ਰਾਈਵੇਟ ਹੀ ਕੀਤੀ ਪਰ ਕਾਲਜ ਵਿਚ ਲਗਾਏ ਦੋ ਕੁ ਸਾਲਾਂ ਨੇ ਉਸ ਦੇ ਮਨ 'ਚ ਉਸ ਦੇ ਸਕੂਲ ਅਧਿਆਪਕ ਨਵਰਾਹੀ ਘੁਗਿਆਣਵੀ ਦੁਆਰਾ ਪੜ੍ਹਨ ਲਿਖਣ ਦੇ ਬੀਜੇ ਬੀਜ ਨੂੰ ਇਕ ਦਿਲਕਸ਼ ਬੂਟੇ ਵਿਚ ਤਬਦੀਲ ਕਰ ਦਿੱਤਾ। ਧਰਮ ਕੰਮੇਆਣਾ, ਦਿਲਸ਼ਾਦ ਅਖ਼ਤਰ, ਪ੍ਰਕਾਸ਼ ਗਾਧੂ, ਪਾਲੀ ਭੁਪਿੰਦਰ, ਤੇਜਵਿੰਦਰ ਵਰਗੇ ਸਾਹਿਤ ਨਾਲ ਜੁੜੇ ਦੋਸਤਾਂ ਦੇ ਸਾਥ ਨੇ ਉਸ ਦਾ ਸਾਹਿਤ ਨਾਲ ਨਾਤਾ ਹੋਰ ਪੱਕਾ ਕਰ ਦਿੱਤਾ। ਕੁਝ ਅਜਿਹੇ ਦੋਸਤਾਂ ਦਾ ਸਾਥ, ਕੁਝ ਉਸ ਦੀ ਕਾਵਿ ਪ੍ਰਤਿਭਾ ਅਤੇ ਬਾਕੀ ਬਾਬਾ ਫ਼ਰੀਦ ਦੀ ਨਗਰੀ ਦਾ ਬਖ਼ਸ਼ਿਆ ਫ਼ਕੀਰਾਨਾ ਮਾਹੌਲ, ਇਹ ਸਾਰਾ ਕੁਝ ਕਾਫ਼ੀ ਸੀ ਉਸ ਦੇ ਸ਼ਾਇਰ ਬਣਨ ਵਾਸਤੇ। ਮੇਰੇ ਇਸ ਕਥਨ ਦੀ ਗਵਾਹ ਉਲ ਦੀ ਇਹ ਗ਼ਜ਼ਲ ਹੈ :

*ਖ਼ੁਦ ਖ਼ਾਮੋਸ਼ ਖੜ੍ਹੇ ਸੁਣ ਰਹੇ ਹਾਂ,*
*ਪਰ ਬੰਦੂਕਾਂ ਬੋਲ ਰਹੀਆਂ ਨੇ।*
*ਜਿਉਂਦੇ ਚੁਪ ਨੇ ਇਸ ਧਰਤੀ 'ਤੇ,*
*ਲੇਕਿਨ ਲਾਸ਼ਾਂ ਬੋਲ ਰਹੀਆਂ ਨੇ।*
*ਮੈਂ ਇਸ ਧਰਤੀ ਦਾ ਪੁੱਤ*
*ਦੇਖੋ ਕਿੰਨਾਂ ਬੇਬਸ ਹੋ ਚੁੱਕਾ ਹਾਂ,*
*ਸਾਰੇ ਸੁਪਨੇ ਮੁੱਕ ਗਏ,*
*ਬਸ ਬੰਜਰ ਅੱਖਾਂ ਬੋਲ ਰਹੀਆਂ ਨੇ।*
*ਲੱਖ ਵਾਰੀ ਡੁੱਬ ਜਾਵੇ ਭਾਵੇਂ*
*ਭਲਕੇ ਫੇਰ ਚੜ੍ਹੇਗਾ ਵੇਖੀਂ,*
*ਸੂਰਜ ਨੂੰ ਝੋਲੀ ਵਿਚ ਭਰਕੇ ਰੱਤੀਆਂ*
*ਸ਼ਾਮਾਂ ਬੋਲ ਰਹੀਆਂ ਨੇ।*

ਸ਼ੁਰੂ 'ਚ ਹਰਮੀਤ ਨੇ ਕਿਸੇ ਅਖ਼ਬਾਰ ਨੂੰ ਚਿੱਠੀ ਲਿਖੀ। ਥੱਲੇ ਲਿਖ ਦਿੱਤਾ, ਹਰਮੀਤ ਸਿੰਘ, ਵਿਦਿਆਰਥੀ ਬਰਜਿੰਦਰਾ ਕਾਲਜ ਫ਼ਰੀਦਕੋਟ। ਪਰ ਅਖ਼ਬਾਰ ਵਾਲਿਆਂ ਉਸ ਦਾ ਨਾਂ ਛਾਪਿਆ, ਹਰਮੀਤ ਵਿਦਿਆਰਥੀ, ਬਰਜਿੰਦਰਾ ਕਾਲਜ ਫ਼ਰੀਦਕੋਟ। ਉਸ ਨੂੰ ਇਹ ਨਾਂ ਇੰਨਾਂ ਜਚਿਆ ਕਿ ਉਹ ਸਦਾ ਲਈ ਹਰਮੀਤ ਵਿਦਿਆਰਥੀ ਬਣ ਗਿਆ। ਉਸ ਦੁਆਰਾ ਰੋਜ਼ੀ ਰੋਟੀ ਲਈ ਅਪਨਾਏ ਕਿੱਤਿਆਂ ਦਾ ਗਰਾਫ਼ ਵੀ ਬੜਾ ਦਿਲਚਸਪ ਹੈ। ਨਹਿਰ ਮਹਿਕਮੇ ਦਾ ਵਰਕ ਮੁਣਸ਼ੀ, ਮੁਹਾਲੀ ਦੀ ਟੈਲੀਵਿਜ਼ਨ ਫੈਕਟਰੀ ਦਾ ਮੁਲਾਜ਼ਮ, ਹੋਮ ਗਾਰਡ ਦਾ ਸਿਪਾਹੀ, ਡੀਸੀ ਮਾਡਲ ਸਕੂਲ ਦਾ ਪੰਜਾਬੀ ਅਧਿਆਪਕ, ਹੋਮ ਸਾਇੰਸ ਕਾਲਜ ਕਾਉਣੀ 'ਚ ਕਲਰਕ ਤੇ ਮਾਲ ਪਟਵਾਰੀ। ਹੁਣ ਉਹ



ਮਾਲ ਪਟਵਾਰੀ ਵਜੋਂ ਤਾਇਨਾਤ ਹੈ ਅਤੇ ਫ਼ਿਰੋਜ਼ਪੁਰ ਦਾ ਪੱਕਾ ਵਸਨੀਕ।

ਹਰਮੀਤ ਵਿਦਿਆਰਥੀ ਮੂਲ ਰੂਪ ਵਿਚ ਇਕ ਕਾਰਕੁੰਨ ਹੈ, ਜੋ ਹਰ ਸਮੇ ਕਿਸੇ ਨਾ ਕਿਸੇ ਮੁਹਾਜ਼ ਤੇ ਸਰਗਰਮ ਰਿਹਾ। ਕੇਂਦਰੀ ਪੰਜਾਬੀ ਲੇਖਕ ਸਭਾ, ਦੇਸ਼ ਭਗਤ ਯਾਦਗਾਰ ਹਾਲ, ਬਾਲ ਪ੍ਰੀਤ ਮਿਲਣੀ ਕਾਫ਼ਲਾ, ਪਲਸ ਮੰਚ, ਕਲਾ ਪੀਠ, ਮੋਹਨ ਲਾਲ ਭਾਸਕਰ ਫਾਊਂਡੇਸ਼ਨ, ਰੈਵੇਨਿਊ ਪਟਵਾਰ ਯੂਨੀਅਨ, ਉਹ ਸਾਰਿਆਂ ਸੰਸਥਾਵਾਂ ਵਿਚ ਸਰਗਰਮ ਰਿਹਾ ਹੈ। ਉਹ 'ਸਰਦਲ' ਦੇ ਸੰਪਾਦਕੀ ਬੋਰਡ 'ਚ ਸੀ। 'ਚਿੰਤਨ' ਦਾ ਸੰਪਾਦਕ ਸੀ। ਇਕ ਪ੍ਰਕਾਸ਼ਕ ਵਜੋਂ 'ਚਿੰਤਨ ਪ੍ਰਕਾਸ਼ਨ ਫ਼ਿਰੋਜ਼ਪੁਰ' ਦੇ ਨਾਂ ਹੇਠ ਬਹੁਤ ਸਾਰੀਆਂ ਮਿਆਰੀ ਕਿਤਾਬਾਂ ਵੀ ਛਾਪੀਆਂ। ਲਹਿੰਦੇ ਪੰਜਾਬ ਦੀਆਂ ਕੁਝ ਕਾਵਿ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਉਸ ਨੇ ਭਾਵੇਂ ਵਧੇਰੇ ਛੰਦ ਰਹਿਤ ਨਜ਼ਮ ਹੀ ਲਿਖੀ ਹੈ, ਜਿਸ ਨੂੰ 'ਖੁੱਲ੍ਹੀ ਕਵਿਤਾ' ਵੀ ਆਖਿਆ ਜਾਂਦਾ ਹੈ। ਪਰ ਉਸ ਨੇ ਛੰਦਮਈ ਪ੍ਰਗੀਤਕ ਰਚਨਾਵਾਂ ਗੀਤ, ਗ਼ਜ਼ਲ ਆਦਿ ਦੀ ਵੀ ਓਨੀ ਹੀ ਸਫ਼ਲਤਾ ਨਾਲ ਸਿਰਜਣਾ ਕੀਤੀ ਹੈ। ਉਸ ਦੀਆਂ ਤਿੰਨ ਕਾਵਿ ਪੁਸਤਕਾਂ ਆਪਣੇ ਖ਼ਿਲਾਫ਼, ਸਮੁੰਦਰ ਬੁਲਾਉਂਦਾ ਹੈ ਅਤੇ ਉੱਧੜੀ ਹੋਈ ਮੈਂ ਹਨ। ਪੇਸ਼ ਹੈ ਇਸ ਸਮਰਥਾਵਾਨ ਸ਼ਾਇਰ ਦੀਆਂ ਕੁਝ ਕਾਵਿ ਵੰਨਗੀਆਂ :

*ਮੈਂ ਲੜਨਾ ਚਾਹਿਆ*
*ਮੇਰੇ ਹੱਥ ਵੱਢ ਦਿੱਤੇ।*
*ਮੈਂ ਬੋਲਣਾ ਚਾਹਿਆ*
*ਮੇਰੀ ਜ਼ੁਬਾਨ ਸੀ ਦਿੱਤੀ।*
*ਮੇਰੀਆਂ ਅੱਖਾਂ ਦੀ ਲਿਸ਼ਕ*
*ਚਾਨਣ ਵੰਡਦੀ ਸੀ*
*ਕੱਢ ਦਿੱਤੀਆਂ...*


*ਸਿਖ਼ਰ ਦੁਪਹਿਰੇ*
*ਡਾਕੇ ਵੱਜੇ*
*ਖ਼ੌਰੂ ਪਾਇਆ ਉਨ੍ਹਾਂ*
*ਗਲ਼ੀਆਂ ਦੇ ਵਿਚ ਦਿਓ ਫਿਰਦੇ ਨੇ*
*ਆਪਾਂ ਵੜ ਗਏ ਅੰਦਰੇ...*
*ਚੁੱਪ ਚੁਪੀਤੇ*
*ਦੁੱਖੜੇ ਰੋਏ*
*ਮੂੰਹੋਂ ਉਫ਼ ਨਾ ਨਿਕਲੀ*
*ਖ਼ੁਦ ਦੀ ਜਾਨ ਬਚਾਵਣ ਖ਼ਾਤਰ*
*ਮੂੰਹ ਨੂੰ ਲਾ ਲਏ ਜਿੰਦਰੇ...*

*ਮੈਂ ਆਪਣੇ ਖ਼ੌਫ਼ ਨੂੰ*
*ਆਪਣੇ ਅੰਦਰ ਕਿਤੇ*
*ਡੂੰਘਾ ਛਿਪਾਉਣ ਵਾਸਤੇ*
*ਉੱਚੀ ਉੱਚੀ ਬੋਲਦਾ ਹਾਂ*
*ਅੰਦਰੇ ਅੰਦਰ ਡਰਦਾ*
*ਵਿਸ ਘੋਲਦਾ ਹਾਂ... •*

ਕਹਾਣੀ



## ਦੁਨੀਆ ਪਿੱਤਲ ਦੀ



**ਡਾ. ਅੰਮ੍ਰਿਤ ਅਦਲੱਖਾ**
*ਮੋਬਾਈਲ : 98146-52030*

ਕਹਿੰਦੇ ਨੇ ਨਰਕ ਵੀ ਐਥੇ ਤੇ ਸਵਰਗ ਵੀ। ਜੀਵਨ ਸਾਥੀ ਜੇ ਚੰਗਾ ਮਿਲ ਜਾਵੇ ਤਾਂ ਇਹ ਜੀਵਨ ਸਵਰਗ ਬਣ ਜਾਂਦਾ ਹੈ ਤੇ ਜੇ ਮਾੜਾ ਟੱਕਰ ਜਾਵੇ ਤਾਂ ਇਸ ਤੋਂ ਵੱਡਾ ਨਰਕ ਨਹੀਂ ਹੈ। ਮਨਪ੍ਰੀਤ ਦੇ ਵਿਆਹ ਤੋਂ ਥੋੜ੍ਹੀ ਦੇਰ ਤਕ ਕੁਝ ਚੰਗੇ ਦਿਨ ਬੀਤੇ। ਫਿਰ ਥੋੜ੍ਹੇ ਚਿਰ ਬਾਅਦ ਉਸ ਦੀ ਘਰ ਵਾਲੀ ਡਿੰਪਲ ਨੇ ਆਪਣੀ ਮਾਂ ਨੂੰ ਆਪਣੇ ਕੋਲ ਬੁਲਾ ਲਿਆ ਤੇ ਉਹ ਸਦਾ ਲਈ ਉੱਥੇ ਰਹਿਣ ਲੱਗ ਪਈ। ਮਨਪ੍ਰੀਤ ਨੇ ਜਦੋਂ ਆਪਣੀ ਘਰਵਾਲੀ ਨੂੰ ਕਿਹਾ, ਉਸ ਦੀ ਮਾਂ ਇੱਥੇ ਕਿਉਂ ਰਹਿ ਰਹੀ ਹੈ, ਉਹ ਆਪਣੇ ਘਰ ਕਿਉਂ ਨਹੀਂ ਜਾਂਦੀ ਤਾਂ ਉਹ ਬੜੇ ਵਿਅੰਗ ਨਾਲ ਬੋਲੀ ਕਿ ਕੋਈ ਇਹੋ ਜਿਹਾ ਕਾਨੂੰਨ ਵੀ ਹੈ, ਜੋ ਆਖਦਾ ਹੋਵੇ ਕਿ ਉਸ ਦੀ ਮਾਂ ਉਸ ਦੇ ਨਾਲ ਨਹੀਂ ਰਹਿ ਸਕਦੀ। ਡਿੰਪਲ ਨੇ ਨਾਲ ਇਹ ਵੀ ਧਮਕੀ ਦਿੱਤੀ ਕਿ ਜੇ ਇਸ ਗੱਲ ਤੇ ਬਹੁਤਾ ਚੂੰ-ਚਾਂ ਕਰੇਗਾ ਤਾਂ ਉਹ ਉਸ ਦੇ ਖਿਲਾਫ਼ ਪੁਲੀਸ ਵਿਚ ਘਰੇਲੂ ਹਿੰਸਾ ਅਤੇ ਦਾਜ ਮੰਗਣ ਦਾ ਕੇਸ ਦਰਜ ਕਰਾ ਦੇਵੇਗੀ ਤੇ ਉਹ ਪੁਲੀਸ ਸਟੇਸ਼ਨ ਅਤੇ ਕਚਹਿਰੀਆਂ ਦੇ ਚੱਕਰ ਕੱਟਦਾ ਰਹੇਗਾ। ਡਿੰਪਲ ਓਦਾ ਵੀ ਨਿਕੀ ਨਿਕੀ ਗੱਲ ਤੇ ਆਪਣੇ ਬਾਲ ਖਲੇਰ ਲੈਂਦੀ, ਬੂਹੇ-ਬਾਰੀਆਂ ਖੋਲ੍ਹ, ਉੱਚੀ-ਉੱਚੀ ਚੀਕਾਂ ਮਾਰਨ ਲੱਗਦੀ ਕਿ ਉਸ ਦਾ ਘਰਵਾਲਾ ਕਸਾਈ ਹੈ। ਉਸ ਤੇ ਅਤਿਆਚਾਰ ਕਰ ਰਿਹਾ ਹੈ।

ਇਹ ਕਿਹੋ-ਜਿਹੀ ਵਿਡੰਬਨਾ ਹੈ ਕਿ ਇਸਤਰੀ ਪੁਰਸ ਨੂੰ ਕਿੰਨੇ ਵੀ ਮਾਨਸਿਕ ਤਸੀਹੇ ਦੇਵੇ, ਬੰਦੇ ਕੋਲ ਫਰਿਆਦ ਕਰਨ ਨੂੰ ਕੋਈ ਥਾਂ ਨਹੀਂ ਨਾ ਹੀ ਕੋਈ ਕਨੂੰਨ ਬਣਿਆ ਹੈ ਬੰਦੇ ਨੂੰ ਮਾਨਸਿਕ ਤਸੀਹੇ ਦੇਣ ਦੇ ਵਿਰੁੱਧ। ਮਨਪ੍ਰੀਤ ਨੇ ਇਕ ਵਕੀਲ ਨਾਲ ਸਲਾਹ ਕੀਤੀ, ਜਿਸ ਨੇ ਉਸ ਨੂੰ ਦਸਿਆ ਕਿ ਇਹ ਕਾਨੂੰਨ ਭਾਵੇਂ ਇਸਤਰੀਆਂ ਦੀ ਮਦਦ ਵਾਸਤੇ ਬਣਿਆ ਹੈ ਪਰ ਇਸ ਦੀ ਦੁਰਵਰਤੋਂ ਬਹੁਤ ਹੋਣ ਲੱਗੀ ਹੈ। ਇਹ ਚੰਗਾ ਰਹੇਗਾ ਕਿ ਉਹ ਚੁਪ ਕਰ ਕੇ ਇਸੇ ਤਰ੍ਹਾਂ ਦਿਨ ਕੱਟੀ ਜਾਵੇ। ਤਲਾਕ ਬਾਰੇ ਵੀ ਉਸ ਨੇ ਇਹ ਦੱਸਿਆ ਕਿ ਸਾਡੇ ਦੇਸ਼ ਵਿਚ ਤਲਾਕ ਲੈਣਾ ਕੋਈ ਸੌਖਾ ਕੰਮ ਨਹੀਂ। ਬੰਦੇ ਦੀ ਸਾਰੀ ਉਮਰ ਲੰਘ ਜਾਂਦੀ ਹੈ, ਅੱਡੀਆਂ ਘਸ ਜਾਂਦੀਆਂ ਹਨ ਪਰ ਤਲਾਕ ਨਹੀਂ ਮਿਲਦਾ। ਮਨਪ੍ਰੀਤ ਚੁਪ ਕਰਕੇ ਘਰ ਵਾਪਸ ਆ ਗਿਆ।

ਉਸ ਦਾ ਇਕ ਜਿਗਰੀ ਯਾਰ ਦਿੱਲੀ ਰਹਿੰਦਾ ਸੀ। ਜਿਹੜਾ ਕਿ ਤੰਬਾਕੂ ਵਾਲੇ ਪਾਨ ਬਹੁਤ ਖਾਂਦਾ ਸੀ, ਜਿਸ ਕਾਰਨ ਉਸ ਨੂੰ ਕੈਂਸਰ ਹੋ ਗਿਆ ਅਤੇ ਮਰਨ ਤੋਂ ਪਹਿਲਾਂ ਉਸ ਨੇ ਮਨਪ੍ਰੀਤ ਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਘਰਵਾਲੀ ਊਸ਼ਾ ਅਤੇ ਬੱਚਿਆਂ ਦਾ ਧਿਆਨ ਰੱਖੇਗਾ। ਇਕ ਦਿਨ ਮਨਪ੍ਰੀਤ ਦਿੱਲੀ ਉਨ੍ਹਾਂ ਦਾ ਹਾਲ ਚਾਲ ਪੁੱਛਣ ਵਾਸਤੇ ਗਿਆ ਤੇ ਉਨ੍ਹਾਂ ਦੇ ਛੋਟੇ ਮੋਟੇ ਮਸਲੇ ਨਿਪਟਾ ਕੇ ਉਸ ਨੇ ਵਾਪਸ ਫਲਾਈਟ ਫੜਨੀ ਸੀ ਤਾਂ ਊਸ਼ਾ ਨੇ ਸੁਝਾਅ ਦਿੱਤਾ ਕਿ ਉਹ ਆਪਣੇ ਦਫ਼ਤਰ ਜਾ ਰਹੀ ਹੈ ਤੇ ਉਹ ਰਾਹ ਵਿਚ ਮਨਪ੍ਰੀਤ ਨੂੰ ਹਵਾਈ ਅੱਡੇ ਲਾਹ ਦੇਵੇਗੀ।

ਮਨਪ੍ਰੀਤ ਉਸ ਨਾਲ ਕਾਰ ਵਿਚ ਬੈਠ ਗਿਆ। ਕਾਰ ਚਲਾਉਂਦੇ ਚਲਾਉਂਦੇ ਊਸ਼ਾ ਗੱਲਾਂ ਵੀ ਕਰਨ ਲੱਗੀ ਤੇ ਥੋੜ੍ਹੀ ਬੇਧਿਆਨ ਹੋ ਗਈ। ਅੱਗੇ ਇਕ ਸਾਇਕਲ ਵਾਲਾ ਜਾ ਰਿਹਾ ਸੀ, ਜਿਸ ਵਿਚ ਇਕ ਦਮ ਡੰਗਰ ਆ ਵੱਜਿਆ ਤੇ ਸਾਇਕਲ ਸਵਾਰ ਡਿਗ ਪਿਆ। ਊਸ਼ਾ ਕਾਰ ਸੰਭਾਲ ਨਾ ਸਕੀ ਤੇ ਸਾਇਕਲ ਵਾਲਾ ਬੰਦਾ ਗੱਡੀ ਥੱਲੇ ਆ ਗਿਆ। ਊਸ਼ਾ ਦਾ ਰੰਗ ਉੱਡ ਗਿਆ। ਉਹ ਰੋਂਦੀ ਹੋਈ ਕਹਿਣ ਲੱਗੀ, ਜੇ ਉਹ ਫੜੀ ਗਈ ਤਾਂ ਉਸ ਦੇ ਨਿੱਕੇ ਨਿੱਕੇ ਬਚੇ ਹਨ, ਉਨ੍ਹਾਂ ਦਾ ਕੀ ਬਣੂ। ਮਨਪ੍ਰੀਤ ਨੇ ਉਸ ਨੂੰ ਡਰਾਇਵਿੰਗ ਸੀਟ ਤੋਂ ਉਠਾਇਆ ਤੇ ਆਪ ਬੈਠ ਗਿਆ। ਐਂਬੂਲੈਂਸ ਨੂੰ ਫੋਨ ਕੀਤਾ ਕਿ ਥੋੜ੍ਹੀ ਦੇਰ ਬਾਅਦ ਪੁਲੀਸ ਆਈ ਤੇ ਮਨਪ੍ਰੀਤ ਨੂੰ ਫੜ ਕੇ ਲੈ ਗਈ।

ਮਨਪ੍ਰੀਤ ਤੇ ਮੁਕਦਮਾ ਚੱਲਿਆ। ਮੈਜਿਸਟਰੇਟ ਨੇ ਉਸ ਨੂੰ ਪੁੱਛਿਆ ਕਿ ਉਹ ਆਪਣੀ ਸਫ਼ਾਈ ਵਿਚ ਕੁਝ ਕਹਿਣਾ ਚਾਹੁੰਦਾ ਹੈ। ਆਪਣਾ ਜੁਰਮ ਕਬੂਲ ਕਰਦੇ ਹੋਏ ਉਸ ਨੇ ਇਹ ਕਿਹਾ ਕਿ ਉਸ ਨੂੰ ਅਫ਼ਸੋਸ ਹੈ ਇਸ ਹਾਦਸੇ ਦਾ ਪਰ ਸਰਕਾਰ ਨੂੰ ਚਾਹੀਦਾ ਹੈ ਕਿ ਸਾਇਕਲ ਚਲਾਉਣ ਵਾਲਿਆਂ ਵਾਸਤੇ ਵੱਖਰਾ ਸਾਇਕਲ ਟਰੈਕ ਬਣਾਵੇ ਅਤੇ ਡੰਗਰਾਂ ਦੀ ਆਵਾਜਾਈ ਸੜਕਾਂ ਤੇ ਰੋਕੇ ਤਾਂ ਕਿ ਅਜਿਹੇ ਐਕਸੀਡੈਂਟ ਨਾ ਹੋਣ।

ਮਨਪ੍ਰੀਤ ਨੂੰ ਦੋ ਸਾਲ ਦੀ ਕੈਦ ਹੋ ਗਈ। ਮਨਪ੍ਰੀਤ ਇਸ ਚੰਗੇ ਸੁਭਾ ਦਾ ਬੰਦਾ ਸੀ ਅਤੇ ਥੋੜ੍ਹੇ ਦਿਨਾਂ ਵਿਚ ਹੀ ਉਹ ਸਟਾਫ਼ ਅਤੇ ਕੈਦੀਆਂ ਦਾ ਹਰਮਨ ਪਿਆਰਾ ਬਣ ਗਿਆ। ਮਨਪ੍ਰੀਤ ਕਿੱਤੇ ਦਾ ਇਕ ਆਰਕੀਟੈਕਟ ਸੀ ਅਤੇ ਕੰਪਿਊਟਰ ਦਾ ਵੀ ਉਸ ਨੂੰ ਕਾਫੀ ਗਿਆਨ ਸੀ। ਜੇਲ ਵਿਚ ਫਰਨੀਚਰ ਬਣਾਉਣ ਦਾ ਇਕ ਕਾਰਖਾਨਾ ਸੀ, ਜਿੱਥੇ ਮੇਜ ਕੁਰਸੀਆਂ, ਅਲਮਾਰੀਆਂ, ਬੈਂਚ ਵਗੈਰਾ ਕੈਦੀ ਬਣਾਉਂਦੇ ਸਨ ਅਤੇ ਇਹ ਸਾਰਾ ਮਾਲ ਸਰਕਾਰੀ ਦਫ਼ਤਰਾਂ ਨੂੰ ਸਪਲਾਈ ਕੀਤਾ ਜਾਂਦਾ ਸੀ।

ਮਨਪ੍ਰੀਤ ਨੇ ਵੇਖਿਆ ਕਿ ਉਹ ਫਰਨੀਚਰ ਪੁਰਾਣੇ ਡਿਜਾਇਨ ਦਾ ਸੀ ਅਤੇ ਟਿਕਾਊ ਵੀ ਨਹੀਂ ਸੀ। ਉਸ ਨੇ ਕਾਰੀਗਰਾਂ ਨੂੰ ਨਵੇਂ ਡਿਜਾਇਨ ਦਾ ਫਰਨੀਚਰ ਪਾਉਣਾ ਸਿਖਾਇਆ, ਜਿਹੜਾ ਕਿ ਬਹੁਤ ਵਧੀਆ ਸੀ। ਉਸ ਫਰਨੀਚਰ ਦੀ ਡਿਮਾਂਡ ਬਹੁਤ ਜ਼ਿਆਦਾ ਵਧ ਗਈ ਅਤੇ ਪ੍ਰਾਈਵੇਟ ਪਾਰਟੀਆਂ ਵੀ ਇਹ ਫਰਨੀਚਰ ਖਰੀਦਣ ਲੱਗੀਆਂ। ਜੇਲ ਅਤੇ ਕੈਦੀਆਂ ਦੀ ਆਮਦਨ ਵਧ ਗਈ।

ਮਨਪ੍ਰੀਤ ਨੇ ਬਾਕੀ ਕੈਦੀਆਂ ਦੀ ਮਦਦ ਨਾਲ ਕੰਪਿਊਟਰ ਤੋਂ ਇਕ ਐਨੀਮੇਸ਼ਨ ਫਿਲਮ ਬਣਾਈ ਜੋ ਕਿ ਬਹੁਤ ਹੀ ਵਧੀਆ ਬਣੀ ਸੀ। ਇਹ ਫਿਲਮ ਦੇਸ਼ ਭਰ ਦੇ ਸਿਨੇਮਾ ਘਰਾਂ ਵਿਚ ਚਲੀ। ਉਸ ਫਿਲਮ ਦੇ ਥਾਂ ਥਾਂ ਚਰਚੇ ਹੋਣ ਲੱਗੇ ਤੇ ਸਰਕਾਰ ਨੂੰ ਕਰੋੜਾਂ ਦਾ ਮੁਨਾਫ਼ਾ ਹੋਇਆ। ਮਨਪ੍ਰੀਤ ਦਾ ਇਹ ਸਾਰਾ ਕੰਮ ਤੇ ਚਾਲ-ਚਲਣ ਵੇਖ ਕੇ ਸਰਕਾਰ ਨੇ ਵਕਤ ਤੋਂ ਪਹਿਲਾਂ ਉਸ ਦੀ ਰਿਹਾਈ ਦਾ ਹੁਕਮ ਦੇ ਦਿੱਤਾ।

ਮਨਪ੍ਰੀਤ ਨੇ ਜੇਲ੍ਹਰ ਨੂੰ ਬੜੇ ਤਰਲੇ ਮਾਰੇ ਕਿ ਉਹ ਉੱਥੇ ਬਹੁਤ ਖੁਸ਼ ਹੈ, ਉਸ ਨੂੰ ਜੇਲ੍ਹ ਵਿਚ ਹੀ ਰਹਿਣ ਦਿੱਤਾ ਜਾਵੇ ਪਰ ਜੇਲ੍ਹਰ ਨੇ ਆਪਣੀ ਮਜਬੂਰੀ ਜ਼ਾਹਿਰ ਕੀਤੀ ਅਤੇ ਆਖਿਆ, ਉਹ ਰਿਹਾਈ ਦੇ ਹੁਕਮਾਂ ਤੋਂ ਬਾਅਦ ਉਸ ਨੂੰ ਇਕ ਮਿੰਟ ਵੀ ਜੇਲ੍ਹ ਵਿਚ ਨਹੀਂ ਰੱਖ ਸਕਦਾ। ਸਾਰੇ ਕੈਦੀ ਅਤੇ ਜੇਲ੍ਹ ਦਾ ਸਟਾਫ਼ ਉਸ ਨੂੰ ਜੇਲ੍ਹ ਦੇ ਗੇਟ ਤਕ ਛੱਡਣ ਆਇਆ। ਉਹ ਜੇਲ੍ਹ ਤੋਂ ਬਾਹਰ ਨਿਕਲਿਆ। ਦਿਨ ਚੜ੍ਹ ਆਇਆ ਸੀ। ਹਰ ਪਾਸੇ ਚਾਨਣ ਸੀ ਪਰ ਮਨਪ੍ਰੀਤ ਦੇ ਜੀਵਨ ਵਿਚ ਅਜੇ ਵੀ ਹਨ੍ਹੇਰਾ ਹੀ ਹਨ੍ਹੇਰਾ ਸੀ। •

# ਪੰਜਾਬੀ ਸਾਹਿਤ ਦਾ ਰੋਸ਼ਨ ਚਿਰਾਗ ਸੀ ਗੁਰਚਰਨ ਸਿੰਘ ਔਲਖ



**ਜਸਬੀਰ ਕਲਸੀ ਧਰਮਕੋਟ**

***ਆਪਣੀ ਵਿਲੱਖਣ ਰੋਸ਼ਨੀ ਦੇਣ ਵਾਲਾ ਡਾ. ਗੁਰਚਰਨ ਸਿੰਘ ਔਲਖ ਵੰਨ-ਸੁਵੰਨੀ ਜੀਵਨ-ਯਾਤਰਾ ਦੇ 85 ਵਰ੍ਹੇ ਤਕ ਪਹੁੰਚ, ਆਖਰੀ ਪੜਾਅ ਦੀ ਉਦਾਸੀ ਦੇ ਗਿਆ। ਇਕ ਖਾਲੀਪਣ ਉਸਰ ਆਇਆ ਹੈ ਡਾ. ਔਲਖ ਦੀ ਮੌਤ ਸੁਣ ਕੇ।***

ਦਿਵਾਲੀ ਦੇ ਦਿਨ ਬੜੀ ਦੁੱਖ-ਭਰੀ ਖ਼ਬਰ ਹੈ ਜ਼ੀਰੇ ਦੇ ਉੱਘੇ ਵਿਦਿਵਾਨ, ਨਾਮਵਰ ਲੇਖਕ ਤੇ ਪੰਜਾਬੀ ਸਾਹਿਤ ਸਭਾ (ਰਜਿ.) ਜ਼ੀਰਾ ਦੇ ਸਰਪ੍ਰਸਤ ਡਾ. ਗੁਰਚਰਨ ਸਿੰਘ ਔਲਖ ਜੀ ਜਿਨ੍ਹਾਂ ਲਗਪਗ 70-75 ਕਿਤਾਬਾਂ ਸਾਹਿਤ ਦੀ ਝੋਲੀ ਪਾਈਆਂ ਸਿਰਫ਼ ਜ਼ੀਰਾ ਹੀ ਨਹੀਂ ਪੰਜਾਬ ਦੇ ਚੋਟੀ ਦੇ ਵਿਦਵਾਨਾਂ ਵਿੱਚੋਂ ਇਕ ਸਨ ਨਹੀਂ ਰਹੇ।

ਜੁਲਾਈ 2017 ਦੇ ਇਕ ਦਿਨ ਵੀਰ ਗੁਰਮੀਤ ਕੜਿਆਲਵੀ ਤੇ ਮੈਂ ਰਾਗ ਮੈਗਜ਼ੀਨ ਦੀ ਘੁੰਡ-ਚੁਕਾਈ ਰਸਮ ਵਿਚ ਮਿਲੇ ਤਾਂ ਉਸ ਦਿਨ ਵਾਪਸ ਮੁੜ ਧਰਮਕੋਟ ਮੈਨੂੰ ਛੱਡਦਿਆਂ ਕੜਿਆਲਵੀ ਨੇ ਡਾ. ਔਲਖ ਤੇ ਉਨ੍ਹਾਂ ਦੀ ਪਤਨੀ ਨੂੰ ਮਿਲ ਕੇ ਆਉਣ ਤੇ ਉਨ੍ਹਾਂ ਦੇ ਪਹਿਲਾਂ ਨਾਲੋਂ ਵਾਹਵਾਂ ਬੀਮਾਰ ਬਾਰੇ ਦੱਸਿਆ। ਡਾ. ਸਹਿਬ ਦੀਆਂ ਨਵੀਆਂ ਪੁਸਤਕਾਂ ਵਿਸ਼ਵ ਪ੍ਰਸਿੱਧ ਜੀਵਨੀਆਂ ਮੈਨੂੰ ਫੜਾਉਂਦਿਆਂ ਕਿਹਾ, ਡਾ. ਔਲਖ ਨੇ ਤੇਰੇ ਲਈ ਭੇਜੀਆਂ। ਉਸ ਮੌਕੇ ਵੀਰ ਕੜਿਆਲਵੀ ਨੇ ਇਹ ਵੀ ਮੈਨੂੰ ਕਿਹਾ, 'ਫੋਨ ਕਰ ਲੀ, ਇਨ੍ਹਾਂ ਪੁਸਤਕਾਂ ਬਾਰੇ ਕੁਝ ਲਿਖ ਕੇ ਛਪਵਾ ਦੇਈਂ'।

ਡਾ. ਔਲਖ ਨਾਲ ਫੋਨ ਜ਼ਰੀਏ ਮੇਰੇ ਤੇ ਉਨ੍ਹਾਂ ਦੇ ਵਿਚਾਰਾਂ ਦਾ ਲੈਣ-ਦੇਣ ਹੋਇਆ ਤਾਂ ਉਨ੍ਹਾਂ ਦੀ ਆਵਾਜ਼ ਉਵੇਂ ਹੀ ਗੜਕੇ ਵਾਲੀ ਸੀ ਜਿਵੇਂ ਉਹ ਪਹਿਲਾਂ ਤੋਂ ਹੀ ਬੋਲਦੇ ਹੁੰਦੇ ਸਨ। ਉਨ੍ਹਾਂ ਨੇ ਮੈਨੂੰ ਛੇਤੀ ਛੇਤੀ ਨਾ ਮਿਲਣ ਤੇ ਨਾ ਫੋਨ ਕਰਨ ਦੇ ਨਿਹੋਰੇ ਦਿੱਤੇ ਸੀ।

ਡਾ. ਔਲਖ ਸਪੱਸ਼ਟ ਸੱਚ ਮੂੰਹ 'ਤੇ ਕਹਿੰਦੇ ਸਨ। ਉਹ ਚਾਪਲੂਸੀਆਂ, ਗਿੜ-ਗੜਾਉਣ, ਝੁੱਕਣਾ ਆਦਿ ਦੇ ਉਲਟ ਮੂੰਹ-ਫੱਟ, ਤਣ ਕੇ ਖੜ੍ਹਣ ਵਾਲੇ ਤੇ ਹੱਕ ਲਈ ਲੜਣ ਵਾਲੇ ਯੋਧੇ ਲੇਖਕ ਸਨ।

ਡਾ. ਗੁਰਚਰਨ ਸਿੰਘ ਔਲਖ ਨਾਲ ਸਾਹਿਤ ਸਭਾਵਾਂ ਦੇ ਪ੍ਰੋਗਰਾਮਾਂ ਵਿਚ ਅਨੇਕਾਂ ਮਿਲਣੀਆਂ ਹੋਈਆਂ। ਉਨ੍ਹਾਂ ਦੇ ਘਰ, ਮੇਰੇ ਘਰ ਮਿਲਣੀਆਂ ਹੋਈਆਂ। ਸਾਡੇ ਇਲਾਕੇ ਧਰਮਕੋਟ ਤੇ ਜ਼ੀਰੇ ਨੂੰ ਉਨ੍ਹਾਂ ਉੱਤੇ ਮਾਣ ਹੈ ਜੋ ਹੁਣ ਸੀ ਕਹਿੰਦਿਆਂ ਇਹ ਸ਼ਬਦ ਮੇਰੇ ਹੰਝੂਆਂ ਦੇ ਪਾਣੀ ਵਿਚ ਗੁੱਝ ਕੇ ਬਣ ਰਿਹਾ। ਸਾਡੇ ਇਲਾਕੇ ਦੇ ਉਹ ਮੋਢੀ ਵਿਦਿਵਾਨਾਂ ਵਿੱਚੋਂ ਹਨ। ਉਨ੍ਹਾਂ ਦਾ ਕੀਤਾ ਲਿਖਤੀ ਕੰਮ ਉਨ੍ਹਾਂ ਨੂੰ ਲੰਮਾ ਸਮਾਂ ਜਿਉਂਦਾ ਰੱਖੀ ਰੱਖੇਗਾ।

ਇਕ ਵਾਰ ਮੇਰਾ ਰੂਬਰੂ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਕਾਰ ਸੀ। ਮੇਰੀ ਕਹਾਣੀ ਦੇ ਬਹਾਨੇ ਵਿਦਿਆਰਥੀਆਂ ਨੂੰ ਕਹਾਣੀ ਬਾਰੇ ਜਾਣਕਾਰੀ ਦੇਣ ਲਈ ਡਾ. ਗੁਰਚਰਨ ਸਿੰਘ ਔਲਖ ਜੀ ਵੀ ਪ੍ਰੋਗਰਾਮ ਵਿਚ ਸ਼ਾਮਿਲ ਸਨ। ਮੇਰੀ ਸਿਰਜਣਾ ਵਿੱਚੋਂ ਫੁੱਟੀ, ਉਸਰੀ ਅਤੇ ਪ੍ਰਕਾਸ਼ਿਤ ਹੋਈ ਕਹਾਣੀ 'ਅੰਨ ਦਾਤਾ' ਮੈਂ ਸੁਣਾਈ। ਡਾ. ਔਲਖ ਜੀ ਨੇ ਮੌਕੇ ਉੱਤੇ ਜ਼ਬਾਨੀ ਮੇਰੀ ਇਸ ਕਹਾਣੀ ਨੂੰ ਤਿੰਨ ਸ਼ਬਦਾਂ ਰਬਾਬ, ਸ਼ਰਾਬ ਤੇ ਸਬਾਬ ਉੱਤੇ ਕੇਂਦਰ ਕਰਕੇ ਬੇਸ਼ਕੀਮਤੀ ਵਿਚਾਰ ਪ੍ਰਗਟ ਕਰਕੇ ਉਹ ਸਮਾਂ ਇਕ ਯਾਦਗਾਰੀ ਮੋਤੀ ਬਣਾ ਦਿੱਤਾ ਸੀ।

ਡਾ. ਗੁਰਚਰਨ ਸਿੰਘ ਔਲਖ ਦਾ ਜਨਮ ਜ਼ੀਰਾ-ਫ਼ਿਰੋਜ਼ਪੁਰ ਵਿਚਕਾਰ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਦੇ ਉਰਲੇ ਪਾਸੇ ਪਿੰਡ ਕੋਹਾਲਾ (ਨੇੜੇ ਭੜਾਣਾ) ਵਿਖੇ ਇਕ ਚੰਗੇ ਖਾਂਦੇ-ਪੀਂਦੇ ਜ਼ਿਮੀਦਾਰ ਦੇ ਘਰ ਹੋਇਆ ਸੀ। ਉਨ੍ਹਾਂ ਦਾ ਸਾਰਾ ਪਰਿਵਾਰ ਰਲ-ਮਿਲ ਕੇ ਰਹਿੰਦਾ ਹੋਇਆ ਪਿੰਡ ਵਿਚ ਅਗਾਂਹਵਧੂ ਪਹਿਲ-ਕਦਮੀਆਂ ਵਾਲੇ ਕੰਮ ਕਰਦਾ ਰਿਹਾ। ਡਾ. ਔਲਖ ਉੱਚ-ਵਿਦਿਆ ਪੀਐਚਡੀ ਤਕ ਕਰ ਗਿਆ ਸੀ। ਉਨ੍ਹਾਂ ਦਾ ਛੋਟਾ ਭਰਾ ਵੀ ਅਧਿਆਪਕ ਬਣ ਗਿਆ ਤੇ ਪਤਨੀਆਂ ਵੀ। ਉਨ੍ਹਾਂ ਨੂੰ ਨੌਕਰੀ ਕਾਰਨ ਜ਼ੀਰਾ ਸ਼ਹਿਰ ਵਿਖੇ ਰਿਹਾਇਸ਼ ਕਰਨੀ ਪੈ ਪਈ। ਜ਼ੀਰਾ ਸ਼ਹਿਰ ਦੇ ਬੱਸ ਅੱਡੇ ਵਿੱਚੋਂ ਇਕ ਕੰਧ ਦਰਮਿਆਨ ਬਣੇ ਤੰਗ ਰਸਤੇ ਨੂੰ ਪਾਰ ਕਰ ਕੇ ਅੱਗੇ ਨੇੜੇ ਈ ਦੋਵੇਂ ਭਰਾਵਾਂ ਕੋਠੀ ਦੀ ਸ਼ਕਲ ਵਾਲੇ ਖੁੱਲ੍ਹੇ-ਡੁੱਲ੍ਹੇ, ਫੁੱਲਦਾਰ, ਫਲਦਾਰ ਤੇ ਜੀ ਆਇਆਂ ਨੂੰ ਕਹਿਣ ਵਾਲੇ ਘਰ 'ਚ ਰਹਿੰਦੇ।

ਡਾ. ਔਲਖ ਪਲੇਟ ਸਮੇਤ ਕੱਪ ਨੂੰ ਪਹਿਲ-ਕਦਮੀ ਕਰ ਚੁੱਕਦੇ ਤੇ ਮੈਨੂੰ ਫੜਾਉਂਦੇ ਸਨ। ਧੀਆਂ ਦੇ ਮਾਣ ਜ਼ਰੀਏ, ਜਵਾਈਆਂ ਦੇ ਸੰਗ-ਸਾਥ ਭਾਰਤ ਵਿਚ ਸੈਰਾਂ ਕਰਦਿਆਂ ਗੋਆ ਦਾ ਸਫ਼ਰਨਾਮਾ ਲਿਖ ਦਿੱਤਾ। ਪਰ ਆਖਰੀ ਪੜਾਅ ਅੰਦਰ ਉਨ੍ਹਾਂ ਦੇ ਘਰ ਰਹਿਣਾ ਉਨ੍ਹਾਂ ਦੀ ਮਜਬੂਰ ਸੀ। ਭਰ-ਜੁਆਨ, ਕੜੀ ਵਰਗਾ ਤੇ ਤਾਜ਼ਾ-ਤਾਜ਼ਾ ਫ਼ੌਜੀ ਅਫ਼ਸਰ ਬਣਿਆ ਇਕਲੌਤਾ ਸਪੁੱਤਰ ਹੱਥਾਂ ਵਿਚ ਈ ਸਦਾ ਲਈ ਅੱਖਾਂ ਮੀਚ ਗਿਆ ਸੀ।



ਇਸ ਅ-ਸਹਿ ਤੇ ਅ-ਕਹਿ ਦੁੱਖ ਵਿੱਚੋਂ ਉੱਭਰ ਕੇ ਬਾਹਰ ਆਇਆ ਡਾ. ਔਲਖ ਤੇ ਨਾਲ ਹੀ ਪੁਸਤਕ 'ਫੁੱਲ ਦੀ ਉਮਰ ਨਾ ਕੋਈ' ਸਪੁੱਤਰ ਦੇ ਬੇ-ਟਾਇਮੇ ਵਿਯੋਗ ਨੂੰ ਸ਼ਬਦ ਰਾਹੀਂ ਬੋਲੀ।

ਇਸ ਤਰ੍ਹਾਂ ਡਾ. ਔਲਖ ਨੇ ਆਪਣੀ ਸਮਰੱਥ ਬੌਧਿਕ ਤਾਕਤ ਨੂੰ ਪ੍ਰੇਰਣਾਸ੍ਰੋਤ ਬਣਾ ਲਿਆ ਤੇ ਹੋਰਨਾਂ ਨਿਕੜਮਣਿਆਂ ਵਾਸਤੇ ਰਾਹ-ਦਸੇਰਾ ਬਣ ਗਏ ਸਨ।

ਡਾ. ਔਲਖ ਨੂੰ ਜ਼ਿੰਦਗੀ ਵਿਚ ਵੱਡੀਆਂ-ਵੱਡੀਆਂ ਪ੍ਰਾਪਤੀਆਂ ਵਿਚ ਕਾਲਜ ਦਾ ਪ੍ਰਿੰਸੀਪਲੀ, ਮੈਕਾਲਿਫ਼, ਮਾਰਕ ਟੱਲੀ, ਖ਼ੁਸ਼ਵੰਤ ਸਿੰਘ ਤੇ ਕੁਲਦੀਪ ਨਈਅਰ ਵਰਗਿਆਂ ਦੀਆਂ ਪੁਸਤਕਾਂ ਦਾ ਅਨੁਵਾਦਕ ਅਖਵਾਉਣਾ ਅਤੇ ਮੌਲਿਕ ਸਿਰਜਣਾਤਮਿਕਤਾ ਦੇ ਨਾਲ ਨਾਲ ਵੱਖ-ਵੱਖ ਵਿਧਾਵਾਂ ਵਿਚ ਲਿਖਦਿਆਂ ਘਰ-ਪਰਿਵਾਰ ਤੇ ਧੀਆਂ ਵੱਲੋਂ ਵੱਡੇ ਰੁਤਬਿਆਂ ਵਾਲੇ ਪਤੀ ਪ੍ਰਾਪਤ ਕਰਨ ਅਤੇ ਸਪੁੱਤਰ ਦੀ ਲਾਸ਼ ਨੂੰ ਆਪਣੇ ਮੋਢੇ ਢੋਣ ਦਾ ਵੱਡੇ ਤੋਂ ਵੱਡਾ ਦੁੱਖ ਵੀ ਅੰਤਿਮ ਸਾਹ ਤਕ ਅੰਗ-ਸੰਗ ਰਿਹਾ। ਅਜਿਹੀ ਉੱਚ-ਦੁਮਾਲੜੀ ਸ਼ਖ਼ਸੀਅਤ ਦਾ ਸਰੀਰਕ ਕਸ਼ਟ ਭਰਿਆ ਵਿਛੋੜਾ ਉਨ੍ਹਾਂ ਦੇ ਅਜੀਜ਼ਾਂ ਭਾਵ ਪਿਆਰਿਆਂ ਨੂੰ ਬਹੁਤ ਹੈ।

ਉਹ ਜ਼ੀਰੇ ਤੋਂ ਕਿਲੋਮੀਟਰਾਂ ਵਿਚ ਦੂਰ ਸੀ ਪਰ ਮੇਰੀ ਘੌਲ ਕਰਕੇ ਆਹਮੋ-ਸਾਹਮਣੇ ਦੀਆਂ ਮੁਲਾਕਾਤਾਂ ਘੱਟ ਗਈਆਂ ਸਨ। ਫੋਨ ਵੀ ਬਹੁਤ ਘੱਟ ਸੀ। ਪਰ ਰੂਹਾਂ ਮਿਲਦੀਆਂ ਰਹਿੰਦੀਆਂ ਸਨ।

ਵੱਖ-ਵੱਖ ਰੌਸ਼ਨੀਆਂ ਦੇ ਰਹੇ ਇਕ, ਦੋ ਜਾਂ ਚੌਮੁਖੀਏ ਦੀਵੇ ਅਤੇ ਪਟਾਕਿਆਂ ਦੇ ਧਮਾਕੇ/ ਉਨ੍ਹਾਂ ਦੀਆਂ ਵੰਨ-ਸੁਵੰਨੀਆਂ ਪੇਸ਼ਕਾਰੀਆਂ ਤਰ੍ਹਾਂ ਹੀ ਮਨੁੱਖ ਹੈ, ਉਸ ਦਾ ਜੀਵਨ ਹੈ। ਆਪਣੀ ਵਿਲੱਖਣ ਰੋਸ਼ਨੀ ਦੇਣ ਵਾਲਾ ਡਾ. ਗੁਰਚਰਨ ਸਿੰਘ ਔਲਖ ਆਪਣੀ ਵੰਨ-ਸੁਵੰਨੀ ਜੀਵਨ-ਯਾਤਰਾ ਦੀ ਲੰਮੀ ਉਮਰ 85 ਵਰ੍ਹੇ ਤਕ ਪਹੁੰਚ ਆਖਰੀ ਪੜਾਅ ਦੀ ਉਦਾਸੀ ਦੇ ਗਿਆ ਹੈ। ਇਕ ਖਾਲੀਪਣ ਉਸਰ ਆਇਆ ਹੈ ਡਾ. ਔਲਖ ਦੀ ਮੌਤ ਸੁਣ ਕੇ।

ਡਾ. ਗੁਰਚਰਨ ਸਿੰਘ ਔਲਖ ਦਾ ਜੀਵਨ, ਯਾਦਾਂ/ ਪ੍ਰੇਰਣਾਵਾਂ ਦੀ ਚੰਗੀ ਊਰਜਾ ਵਾਲਾ ਹੈ। ਉਨ੍ਹਾਂ ਦਾ ਸਾਹਿਤ ਦੇ ਇਤਿਹਾਸ ਵਿਚ ਦਰਜ ਨਾਂ ਲੰਮਾ ਸਮਾਂ ਜਿਉਂਦਾ ਰਹੇਗਾ, ਮੇਰਾ ਦਿਲ ਮੰਨਦਾ ਹੈ। ਡਾ. ਗੁਰਚਰਨ ਸਿੰਘ ਔਲਖ ਜੀ ਦੇ ਸਰੀਰ ਨੂੰ ਆਖਰੀ ਪ੍ਰਣਾਮ, ਪਰ ਅੱਜ ਆਪਣੇ ਡਾ. ਔਲਖ ਜੀ ਦੇ ਸਰੀਰਕ ਵਿਛੋੜੇ ਉੱਤੇ ਬਹੁਤ ਉਦਾਸ ਹੈ ਸਾਡਾ ਆ ਸੰਸਾਰ। ਬੇਸ਼ਕ ਪੰਜਾਬੀ ਸਾਹਿਤ ਦਾ ਇਹ ਚਿਰਾਗ ਬੁਝ ਗਿਆ ਪਰ ਡਾ. ਔਲਖ ਵੱਲੋਂ ਸਿਰਜੇ ਸਾਹਿਤ ਦੀ ਲੋ ਰਹਿੰਦੀ ਦੁਨੀਆ ਤਕ ਰਹੇਗੀ। •

## ਦੋਹੇ

ਜਗਮਗ ਕਰਦੀ ਜ਼ਿੰਦਗੀ, ਹੋਈ ਹੈ ਬੇਨੂਰ,
ਹੋਠਾਂ ਕੋਲੋਂ ਹੋ ਗਏ, ਹਾਸੇ ਕੋਹਾਂ ਦੂਰ।

ਪੈਸਾ ਬਣਿਆਂ ਚੌਧਰੀ, ਹੋਈ ਸੋਚ ਗੁਲਾਮ,
ਅਕਲਾਂ ਵਾਲੇ ਸੋਚਦੇ, ਬਦਲੂ ਕਿਵੇਂ ਨਿਜ਼ਾਮ।

ਰਿਮਝਿਮ ਵਰ੍ਹਿਆ ਮੇਘਲਾ, ਹੋਈ ਹੈ ਬਰਸਾਤ,
ਕੋਠਾ ਰਿਹਾ ਗ਼ਰੀਬ ਦਾ, ਚੋਂਦਾ ਸਾਰੀ ਰਾਤ।

ਕੀਤਾ ਬੜਾ ਵਿਕਾਸ ਹੈ, ਖ਼ੁਸ਼ ਹੈ ਬੜਾ ਮਨੁੱਖ,
ਪੱਕੀ ਸੜਕ ਬਣਾ ਲਈ, ਵੱਢਕੇ ਸਾਵੇ ਰੁੱਖ।

ਜ਼ਾਲਿਮ ਜੰਗਲ ਬੜਾ ਹੈ, ਪੰਛੀ ਬੜਾ ਨਾਦਾਨ,
ਰਹਿੰਦੀ ਹਰਦਮ ਓਸ ਦੀ, ਮੁੱਠੀ ਦੇ ਵਿਚ ਜਾਨ।

ਦੂਜੇ ਦੇ ਜਜ਼ਬਾਤ ਦੀ, ਕਰਦਾ ਨਾ ਪਰਵਾਹ,
ਹੁੰਦਾ ਬੜਾ ਕਠੋਰ ਹੈ, ਬੰਦਾ ਤਾਨਾਸ਼ਾਹ।

ਤੁਰਦਾ ਗੁਨਾਹਗਾਰ ਜਦ, ਪੱਲੇ ਬੰਨ੍ਹ ਗੁਨਾਹ,
ਵਿਛਦੇ ਪੈਰਾਂ ਹੇਠ ਨੇ, ਵਿੰਗੇ-ਟੇਢੇ ਰਾਹ।

ਪਾ ਕੇ ਪਰਦਾ ਰੱਖਿਆ, ਕੀਤੇ ਯਤਨ ਹਜ਼ਾਰ,
ਆਖਿਰ ਨੰਗਾ ਹੋ ਗਿਆ, ਬੰਦੇ ਦਾ ਕਿਰਦਾਰ।



**• ਡਾ. ਹਰਨੇਕ ਸਿੰਘ ਕੋਮਲ,** *ਮੋਬਾਈਲ : 98177-61414*

## ਗ਼ਜ਼ਲਾਂ

ਉਠਣਗੇ ਜ਼ਲਜਲੇ ਲੱਖਾਂ, ਅਗਰ ਇਹ ਰਾਜ਼ ਖੋਲ੍ਹਾਂ ਤਾਂ।
ਮੈਂ ਤੈਨੂੰ ਪਿਆਰ ਕਰਦਾ ਹਾਂ, ਆਗਰ ਇਹ ਬੋਲ ਬੋਲਾਂ ਤਾਂ।

ਅਗਰ ਕੋਈ ਕਰੇ ਹਿੰਮਤ ਕਿ ਤਰਨਾ ਅੱਗ ਦਾ ਦਰਿਆ,
ਬੜੇ ਚਿਰ ਤੋਂ ਕੋਈ ਐਸਾ ਕਿ ਮੈਂ ਵੀ ਸਾਥ ਟੋਲ੍ਹਾਂ ਤਾਂ।

ਨਹੀਂ ਪਛਾਣ ਤੈਨੂੰ ਜਾਪਦੈ ਉਡਣੇ ਪੰਖੇਰੂ ਦੀ,
ਕਿ ਹੈ ਅਸਮਾਨ ਵੀ ਨੀਵਾਂ ਮੈਂ ਅਪਣੇ ਖੰਭ ਤੋਲਾਂ ਤਾਂ।

ਇਹ ਧਰਤੀ ਕੰਬ ਜੂ 'ਕੇਰਾਂ, ਸਮੁੰਦਰ ਸੁੱਖ ਜੂ ਸੜ ਕੇ,
ਇਹ ਅੰਬਰ ਪਾਟ ਜੂ ਸਾਰਾ, ਅਗਰ ਮੈਂ ਦੁੱਖ ਫੋਲਾਂ ਤਾਂ।

ਨਹੀਂ ਤਾਰੀਫ਼ ਤੇਰੇ ਹੁਸਨ ਦੀ ਮੈਂ ਲਿਖ ਨਹੀਂ ਸਕਦਾ,
ਕਰਾਂ ਇਸ ਧਰਤ ਦੀ ਸਿਆਹੀ, ਸਮੁੰਦਰ ਵਿਚ ਘੋਲਾਂ ਤਾਂ।

ਕਹਿਰ ਵਰਤਾ ਕੇ ਤੂੰ ਵੀ ਵੇਖ ਲੈ ਸਰਕਾਰ ਐ ਮੇਰੀ,
ਕਰੀਂ ਨਾ 'ਮੂਰਤੀ' ਫੜ ਕੇ ਪਿਆਲਾ ਜ਼ਹਿਰ ਡੋਲਾਂ ਤਾਂ।



**• ਡਾ. ਰਾਮ ਮੂਰਤੀ,** *ਮੋਬਾਈਲ : 9417449665*

ਕਿਸੇ ਦੀ ਯਾਦ ਨੂੰ ਉਸ ਨੇ ਕਲੇਜੇ ਲਾ ਲਿਆ ਲਗਦੈ।
ਗ਼ਮਾਂ ਦੇ ਸਾਜ਼ 'ਤੇ ਫਿਰ ਗੀਤ ਕੋਈ ਗਾ ਲਿਆ ਲਗਦੈ।

ਬੜਾ ਬੇਚੈਨ ਰਹਿੰਦਾ ਹੈ, ਬੜਾ ਗੁੰਮ-ਸੁੰਮ ਹੈ ਅੱਜ-ਕੱਲ੍ਹ ਉਹ,
ਉਦੇ ਤੇ ਜਾਲ-ਜ਼ੁਲਫਾਂ ਦਾ, ਕਿਸੇ ਨੇ ਪਾ ਲਿਆ ਲਗਦੈ।

ਉਡਾਰੀ ਲਾਉਂਦਾ ਲਾਉਂਦਾ ਆਣ ਬੈਠਾ ਹੈ ਉਹ ਫਿਰ ਫੁੱਲ 'ਤੇ,
ਕਿਸੇ ਤਿੱਤਲੀ ਨੇ ਫਿਰ ਸ਼ਾਇਦ, ਉਨ੍ਹੰ ਭਰਮਾ ਲਿਆ ਲਗਦੈ।

ਨਾ ਦਿਨ ਨੂੰ ਚੈਨ ਹੈ ਉਸ ਨੂੰ, ਨਾ ਰਾਤੀਂ ਨੀਂਦ ਹੀ ਆਵੇ,
ਮਿਲਾ ਕੇ ਨੈਣ ਫਿਰ ਉਸ ਨੇ, ਖਸਾਰਾ ਪਾ ਲਿਆ ਲਗਦੈ।

ਕਦੇ ਉਹ ਗੀਤ ਗਾਉਂਦਾ ਹੈ, ਕਦੇ ਰੋਂਦਾ ਹੈ ਫੁੱਟ ਫੁੱਟ ਕੇ,
ਕਿਸੇ ਬੇਦਰਦ ਸੰਗ ਸ਼ਾਇਦ, ਉਨ੍ਹੇ ਦਿਲ ਲਾ ਲਿਆ ਲਗਦੈ।

ਬੜਾ ਬੇਦਰਦ ਹੈ 'ਜੱਸੀ', ਕਦੇ ਵੀ ਹਾਲ ਨਾ ਪੁੱਛੇ,
ਅਸਾਂ ਨੂੰ ਦੇ ਕੇ ਉਸ ਅੱਥਰੂ, ਕਿਤੇ ਦਿਲ ਲਾ ਲਿਆ ਲਗਦੈ।

ਤੂੰ ਜਿਸ ਨੂੰ ਯਾਦ ਕਰਦਾਂ ਏਂ, ਨਹੀਂ ਆਏਗਾ ਉਹ 'ਜੱਸੀ',
ਕਿ ਉਸ ਨੇ ਆਲ੍ਹਣਾ ਗ਼ੈਰਾਂ ਦੇ ਘਰ ਵਿਚ ਪਾ ਲਿਆ ਲਗਦੈ।



**• ਜਸਵਿੰਦਰ ਸਿੰਘ ਜੱਸੀ,** *ਮੋਬਾਈਲ : 98143-96472*

## ਕਵਿਤਾਵਾਂ

### ਰਿਸ਼ਤਾ

ਏਹ ਰਿਸ਼ਤਾ ਫੁੱਲ ਤੇ ਖ਼ੁਸ਼ਬੂ ਵਾਲਾ।
ਦੋ ਜਿਸਮ ਅਤੇ ਇਕ ਹੈ ਰੂਹ ਵਾਲਾ।

ਇਸ ਰਿਸ਼ਤੇ ਦਾ ਕੋਈ ਨਾਂ ਹੋਵੇ।
ਬਿਨਾਂ ਨਾਂ ਦੇ ਨਾ ਬਦਨਾਮ ਹੋਵੇ।

ਜਦ ਜਗ ਹੱਸਦੈ ਇਸ ਰਿਸ਼ਤੇ 'ਤੇ
ਰੂਹ ਦਾ ਰਿਸ਼ਤਾ ਧਾਹਾਂ ਮਾਰ ਰੋਵੇ।

ਤੂੰ ਹੁਣ ਇਸ ਨੂੰ ਪੱਕਾ ਕਰ ਸੱਜਣਾ।
ਜਿਹੜਾ ਦਿਨ ਤੇ ਦਿਨ ਜਵਾਨ ਹੋਵੇ।

ਆਹ ਵਿਚ ਵਿਚਾਲਾ ਕਿਸ ਕੰਮ ਦਾ,
ਉਹ ਕੀ ਰਿਸ਼ਤਾ ਜੋ ਗੁਮਨਾਮ ਹੋਵੇ।

ਕਿਉਂ ਹਾਸਾ ਬਣਦੈ ਜਗ ਦਾ ਇਹ,
ਜਿਹੜਾ ਹਰ ਪਲ ਹੀ ਕੁਰਬਾਨ ਹੋਵੇ।

ਸੁਰਜੀਤ ਸੱਚ ਨਿਭਾਵੇ ਘੋਲੀਏ ਕਲਾਂ
ਯੂ ਐਸ ਏ ਵਿਚ ਰਹਿ ਪ੍ਰਵਾਨ ਹੋਵੇ।



**• ਸੁਰਜੀਤ ਗਿੱਲ,** *(ਯੂਐਸਏ),*
*ਮੋਬਾਈਲ : +1516-270-7190*

### ਖ਼ੁਦਕੁਸ਼ੀਆਂ ਬਨਾਮ ਸਰਕਾਰਾਂ

ਖ਼ੁਦਕੁਸ਼ੀਆਂ ਦੀ ਖੋਜ ਕਰਨ ਲਈ, ਖੋਜੀਆਂ ਜ਼ੋਰ ਲਗਾਇਆ ਹੈ,
ਸੱਚ-ਮੁੱਚ ਹੀ ਸਰਕਾਰਾਂ ਨੂੰ, ਕੀ ਸਾਡਾ ਚੇਤਾ ਆਇਆ ਹੈ?

ਪਹਿਲਾਂ ਨੇਤਾਵਾਂ ਨੇ ਸਾਨੂੰ ,ਐਸਵਾਈਐਲ ਵਿਚ ਦੱਬ ਦਿੱਤਾ,
ਸਾਡੀਆਂ ਲਾਸ਼ਾਂ ਉੱਤੇ ਖੜ੍ਹਕੇ, ਏਨ੍ਹਾ ਭੰਗੜਾ ਪਾਇਆ ਹੈ।

ਪੰਥ ਪੰਜਾਬ ਦੇ ਰਾਖੇ ਯਾਰੋ, ਗਿਟ-ਮਿਟ ਕਰ ਕੇ ਘੁਲ ਦੇ ਨੇ,
ਜਿਹੜਾ ਪਿੱਛਲੀ ਵਾਰੀਂ ਛੱਠਿਆ, ਹੁਣ ਉਹ ਉੱਤੇ ਆਇਆ ਹੈ।

ਭੁੱਖ, ਬੀਮਾਰੀ, ਬੇਕਾਰੀ ਤੇ ਬਦਨੀਤੀ ਬੇਈਮਾਨੀ ਨੇ,
ਲੋਕਾਂ ਦਾ ਦਮ ਨੱਕ ਵਿਚ ਕੀਤਾ, ਜੀਣਾ ਨਰਕ ਬਣਾਇਆ ਹੈ।

ਸੱਭਿਆਚਾਰ ਬਚਾਉਣ ਦੀ ਖਾਤਿਰ, ਮਸਖਰਿਆਂ ਸੌਂਹ ਚੁੱਕੀ ਏ,
ਹਾ ਹਾ, ਹੀ ਹੀ ਹੂ ਹੂ ਕਰਕੇ, ਵਾਹਵਾ ਰੰਗ ਜਮਾਇਆ ਹੈ।



**• ਅਮਰਜੀਤ ਸਿੰਘ ਵੜੈਚ,** *ਮੋਬਾਈਲ : 9417801988*

## ਗੀਤ

### ਸਾਂਝਾ ਪਰਿਵਾਰ

ਕੱਲੇ-ਕੱਲੇ ਘਰ ਵਿਚ ਪਈਆਂ ਵੰਡੀਆਂ
ਹੁਣ ਕੋਈ ਸਾਂਝਾ ਪਰਵਾਰ ਨਾ ਦਿਸੇ...

ਸਾਫ਼ ਸੀ ਦਿਲਾਂ ਦੇ ਲੋਕ ਕੱਚੇ ਘਰ ਸੀ
ਛੋਟਿਆਂ ਨੂੰ ਵੱਡਿਆਂ ਦਾ ਹੁੰਦਾ ਡਰ ਸੀ
ਹੁਣ ਕੋਈ ਡਰਦਾ ਨਾ ਚਾਚੇ ਤਾਏ ਤੋਂ
ਮਾਪਿਆਂ ਦਾ ਹੁੰਦਾ ਸਤਿਕਾਰ ਨਾ ਦਿਸੇ...

ਇੱਕੋ ਚੁਲ੍ਹੇ ਉਤੇ 'ਕੱਠਾ ਅੰਨ ਪੱਕਣਾ
ਸਾਰਿਆਂ ਨੇ ਰਲ-ਮਿਲ ਬਹਿ ਕੇ ਛੱਕਣਾ
ਹਰ ਕੋਈ ਹੁੰਦਾ ਸੀ ਕੰਮਾਂ 'ਚ ਰੁੱਝਿਆਂ,
ਪਹਿਲਾਂ ਜਿਹਾ ਲੋਕਾਂ 'ਚ ਪਿਆਰ ਨਾ ਦਿਸੇ...

ਔਖੇ ਵੇਲੇ ਯਾਰਾਂ ਨਾ ਸੀ ਯਾਰ ਖੜ੍ਹਦੇ
ਹੱਕ ਸੱਚ ਲਈ ਸੀ ਲੜਾਈਆਂ ਲੜਦੇ
ਧੀਆਂ ਭੈਣਾਂ ਦਾ ਸੀ ਸਤਿਕਾਰ ਕਰਦੇ
ਅੱਜ ਕਲ੍ਹ ਪੱਗ ਵੱਟ ਯਾਰ ਨਾ ਦਿਸੇ...

ਵਿਰਸਾ ਪੰਜਾਬ ਦਾ ਹੈ ਜਾਂਦਾ ਖੁਸਦਾ
ਹੁਣ ਨਾ ਗੁਆਂਢੀ ਨੂੰ ਗੁਆਂਢੀ ਪੁੱਛਦਾ
ਚਰਨਜੀਤ ਧਾਲੀਵਾਲ ਸੱਚ ਲਿਖਦੀ
ਹੁਣ ਓਹ ਪੰਜਾਬ ਦੀ ਨੁਹਾਰ ਨਾ ਦਿਸੇ...



**• ਚਰਨਜੀਤ ਕੌਰ ਧਾਲੀਵਾਲ (ਜਰਮਨੀ),**
*ਮੋਬਾਈਲ : +4915224333737*

# ਤਾਇਕਵਾਂਡੋ ਅੰਡਰ-14 ਲੜਕੀਆਂ ਦੇ ਮੁਕਾਬਲੇ ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ 'ਚ ਕਰਵਾਏ ਗਏ



**ਪਟਿਆਲਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮਮਤਾ ਖੁਰਾਣਾ,ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲੇ ਵਿਖੇ ਅੰਡਰ-14 ਲੜਕੀਆਂ ਦੇ ਤਾਇਕਵਾਂਡੋ ਦੇ ਮੁਕਾਬਲੇ ਕਰਵਾਏ ਗਏ।ਅੰਡਰ-14 ਲੜਕਿਆਂ ਦੇ ਤਾਇਕਵਾਂਡੋ ਮੁਕਾਬਲਿਆਂ ਵਿੱਚ -18 ਕਿਲੋ ਭਾਰ ਵਿੱਚ ਗਗਨਪ੍ਰੀਤ ਕੌਰ ਨੇ ਗੋਲਡ,ਲਵੀਨਾ ਸ਼ਰਮਾ ਨੇ ਸਿਲਵਰ,-20 ਕਿਲੋ ਭਾਰ ਵਿੱਚ ਅਲੀਕਾ ਨੇ ਗੋਲਡ,ਹਰਸ਼ਿਤਾ ਨੇ ਸਿਲਵਰ,ਗੁਰਵੀਰ ਕੌਰ ਨੇ ਬਰਾਉਨਜ਼,-38 ਕਿਲੋ ਭਾਰ ਵਿੱਚ ਜਸਕੀਰਤ ਨੇ ਗੋਲਡ,ਸਹਿਜਲੀਨ ਕੌਰ ਨੇ ਸਿਲਵਰ,ਪ੍ਰਤੀਕਸ਼ਾ ਨੇ ਬਰਾਉਨਜ਼ ਮੈਡਲ ਜਿੱਤੇ।ਮੁੱਖ ਮਹਿਮਾਨ ਦੇ ਤੌਰ ਤੇ ਡੀਐਸਸੀ ਡਾ.ਦਲਜੀਤ ਸਿੰਘ ਤੇ ਡਾ ਰਾਜਦੀਪ ਸਿੰਘ (ਚੇਅਰਮੈਨ) ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ ਉਚੇਚੇ ਤੌਰ ਤੇ ਪਹੁੰਚ ਕੇ ਜੇਤੂ ਖਿਡਾਰਨਾਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ।ਇਸ ਮੌਕੇ ਤੇ ਅਬਜਰਵਰ ਨਿਖਿਲ ਹੰਸ,ਰਵੀ ਸਿੰਘ-ਟੈਕਨੀਕਲ ਕਮੇਟੀ ਮੈਂਬਰ,ਸ਼ਸ਼ੀ ਮਾਨ,ਡਾ ਆਸਾ ਸਿੰਘ,ਸਤਵਿੰਦਰ ਸਿੰਘ ਤਾਇਕਵਾਂਡੋ ਕੋਚ,ਸੁਰਿੰਦਰਪਾਲ ਸਿੰਘ ਐਸਪੀ,ਹਰਜੀਤ ਸਿੰਘ, ਗੁਰਪਿਆਰ ਸਿੰਘ,ਮੋਹਿਤ ਕੁਮਾਰ,ਰੇਨੂ ਕੌਸ਼ਲ, ਅਜਮੇਰ ਸਿੰਘ, ਬੁੱਧਰਾਮ,ਗੁਰਪ੍ਰੀਤ ਸਿੰਘ,ਚਿਰਾਗ਼ ਕੁਮਾਰ, ਕੁਲਦੀਪ ਕੌਰ,ਮਮਤਾ ਰਾਣੀ, ਅਮਨਦੀਪ ਕੌਰ ਕੋਚ,ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

# ਪੀਆਰਟੀਸੀ ਦੀ 248ਵੀਂ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਮੁਲਾਜ਼ਮ ਪੱਖੀ ਫ਼ੈਸਲਿਆਂ ਸਮੇਤ ਵਿਕਾਸ ਕਾਰਜਾਂ ਨੂੰ ਦਿੱਤੀ ਗਈ ਨਵੀਂ ਰਫ਼ਤਾਰ

**ਪਟਿਆਲਾ, 5 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ 248ਵੀਂ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਅੱਜ ਪੀਆਰਟੀਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਜਿੱਥੇ ਮੁਲਾਜ਼ਮ ਜਥੇਬੰਦੀਆਂ ਦੀਆਂ ਮੰਗਾਂ ਅਤੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਭਾਗ ਦੇ ਮੁਲਾਜ਼ਮ ਪੱਖੀ ਫ਼ੈਸਲੇ ਲਏ ਗਏ, ਉੱਥੇ ਹੀ ਪੀਆਰਟੀਸੀ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆਉਣ ਸਬੰਧੀ ਵੱਖ-ਵੱਖ ਵਿਕਾਸ ਕਾਰਜਾਂ ਦੀ ਵਿਸਥਾਰਪੂਰਵਕ ਸਮੀਖਿਆ ਵੀ ਕੀਤੀ ਗਈ।



ਮੀਟਿੰਗ ਵਿੱਚ ਮੈਨੇਜਿੰਗ ਡਾਇਰੈਕਟਰ ਮਨੀਸ਼ਾ ਰਾਣਾ, ਵਧੀਕ ਮੈਨੇਜਿੰਗ ਡਾਇਰੈਕਟਰ ਨਵਦੀਪ ਕੁਮਾਰ, ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਡਾਇਰੈਕਟਰ ਗੁਰਪ੍ਰੀਤ ਸਿੰਘ ਵਿਰਕ, ਚੀਫ਼ ਅਕਾਊਂਟਸ ਅਫ਼ਸਰ ਰਾਜੇਸ਼ ਸ਼ਰਮਾ, ਜਨਰਲ ਮੈਨੇਜਰ (ਪ੍ਰਸ਼ਾਸਨ) ਅਮਨਵੀਰ ਸਿੰਘ ਟਿਵਾਣਾ, ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਜਨਰਲ ਮੈਨੇਜਰ (ਖਰੀਦ) ਮੋਹਿੰਦਰਪਾਲ ਸਿੰਘ ਅਤੇ ਜਨਰਲ ਮੈਨੇਜਰ (ਕੰਪਿਊਟਰਜ਼) ਰਮਨ ਸ਼ਰਮਾ ਸਮੇਤ ਵਿੱਤ ਵਿਭਾਗ ਅਤੇ ਸਟੇਟ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

ਪੀਆਰਟੀਸੀ ਚੇਅਰਮੈਨ ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਪੀਆਰਟੀਸੀ ਦੇ ਭਵਿੱਖੀ ਵਿਕਾਸ ਅਤੇ ਆਮਦਨ ਦੇ ਨਵੇਂ ਸਰੋਤ ਪੈਦਾ ਕਰਨ ਦੇ ਉਦੇਸ਼ ਨਾਲ ਚਲਾਏ ਜਾ ਰਹੇ ਅਹਿਮ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਨ੍ਹਾਂ ਵਿੱਚ ਮੁੱਖ ਦਫ਼ਤਰ ਅਤੇ ਡਿਪੂਆਂ ਵਿੱਚ ਸੋਲਰ ਸਿਸਟਮ ਲਗਾਉਣ, ਰਿਟੇਲ ਪੈਟਰੋਲ ਪੰਪ ਸ਼ੁਰੂ ਕਰਨ, ਪੁਰਾਣੇ ਬੱਸ ਸਟੈਂਡ ਨੂੰ ਮੁੜ ਚਾਲੂ ਕਰਨ ਅਤੇ ਪੀਆਰਟੀਸੀ ਦੀ ਆਪਣੀ ਮਾਲਕੀ ਵਾਲੀਆਂ 309 ਨਵੀਆਂ ਸਧਾਰਨ ਬੱਸਾਂ ਨੂੰ ਕਾਰਪੋਰੇਸ਼ਨ ਦੇ ਬੇੜੇ ਵਿੱਚ ਸ਼ਾਮਲ ਕਰਨ ਸਬੰਧੀ ਚੱਲ ਰਹੇ ਕਾਰਜਾਂ ਦਾ ਜਾਇਜਾ ਲਿਆ ਗਿਆ।

ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਸਾਰੇ ਵਿਕਾਸ ਕਾਰਜਾਂ ਨੂੰ ਤੈਅ ਸਮੇਂ ਅੰਦਰ ਮੁਕੰਮਲ ਕਰਨ ਲਈ ਹੋਰ ਤੇਜ਼ੀ ਅਤੇ ਤਾਲਮੇਲ ਨਾਲ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੀਆਰਟੀਸੀ ਦੀ ਕਾਰਗੁਜ਼ਾਰੀ ਵਿੱਚ ਸੁਧਾਰ, ਯਾਤਰੀਆਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣਾ, ਕਾਰਪੋਰੇਸ਼ਨ ਦੇ ਸਰੋਤਾਂ ਦੀ ਸੁਚੱਜੀ ਵਰਤੋਂ ਅਤੇ ਇਸ ਨੂੰ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਬਣਾਉਣਾ ਮੁੱਖ ਤਰਜੀਹਾਂ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਪੀਆਰਟੀਸੀ ਦੀ ਤਰੱਕੀ ਵਿੱਚ ਮੁਲਾਜ਼ਮਾਂ ਦੀ ਅਹਿਮ ਭੂਮਿਕਾ ਹੈ ਅਤੇ ਮੁਲਾਜ਼ਮਾਂ ਦੇ ਜਾਇਜ਼ ਹਿੱਤਾਂ ਦੀ ਰਾਖੀ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਕਾਰਪੋਰੇਸ਼ਨ ਦੀ ਪਹਿਲ ਰਹੇਗੀ। ਮੁਲਾਜ਼ਮਾਂ ਦੀ ਭਲਾਈ ਅਤੇ ਵਿਭਾਗ ਦੇ ਵਿਕਾਸ ਨੂੰ ਨਾਲ-ਨਾਲ ਲੈ ਕੇ ਚੱਲਣ ਨਾਲ ਹੀ ਪੀਆਰਟੀਸੀ ਨੂੰ ਹੋਰ ਮਜ਼ਬੂਤ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਾਲੀ ਟਰਾਂਸਪੋਰਟ ਬਣਾਇਆ ਜਾ ਸਕਦਾ ਹੈ।

# ਨਾਭਾ ਵਿੱਚ 20 ਨਵੰਬਰ ਨੂੰ ਸਜਾਈ ਜਾਵੇਗੀ ਸ਼੍ਰੀ ਸ਼ਿਆਮ ਬਾਬਾ ਜੀ ਦੇ ਜਨਮਉਤਸਵ ਮੌਕੇ ਵਿਸ਼ਾਲ ਨਿਸ਼ਾਨ ਯਾਤਰਾ

**ਨਾਭਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸ਼ਿਆਮ ਪਰਿਵਾਰ ਸੰਘ (ਰਜਿ.) ਨਾਭਾ ਵੱਲੋਂ ਸ਼੍ਰੀ ਸ਼ਿਆਮ ਬਾਬਾ ਜੀ ਦੇ ਪਾਵਨ ਜਨਮ ਉਤਸਵ ਨੂੰ ਸਮਰਪਿਤ 20 ਨਵੰਬਰ 2026, ਦਿਨ ਸ਼ੁੱਕਰਵਾਰ ਨੂੰ ਨਾਭਾ ਸ਼ਹਿਰ ਵਿੱਚ ਵਿਸ਼ਾਲ ਨਿਸ਼ਾਨ ਯਾਤਰਾ ਅਤੇ ਛੇਵੇਂ ਸਾਲਾਨਾ ਸ਼੍ਰੀ ਸ਼ਿਆਮ ਵੰਦਨਾ ਮਹੋਤਸਵ ਅਤੇ ਭੰਡਾਰੇ ਦਾ ਆਯੋਜਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਜਾ ਰਿਹਾ ਹੈ। ਇਸ ਧਾਰਮਿਕ ਸਮਾਗਮ ਨੂੰ ਲੈ ਕੇ ਸੰਘ ਦੇ ਮੈਂਬਰਾਂ ਅਤੇ ਸ਼ਿਆਮ ਭਗਤਾਂ ਵੱਲੋਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ।



ਸੰਘ ਦੇ ਪ੍ਰਧਾਨ ਸੁਮਿਤ ਗੋਇਲ ਸ਼ੈਂਟੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਸ਼ਿਆਮ ਬਾਬਾ ਜੀ ਦਾ ਜਨਮਉਤਸਵ ਸ਼ਰਧਾ, ਭਗਤੀ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਨਾਭਾ ਸ਼ਹਿਰ ਵਿੱਚ ਸ਼ਿਆਮ ਭਗਤਾਂ ਵੱਲੋਂ ਨਿਸ਼ਾਨ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਿਸ਼ਾਨ ਯਾਤਰਾ 20 ਨਵੰਬਰ ਨੂੰ ਦੁਪਹਿਰ 3 ਵਜੇ ਪਟਿਆਲਾ ਗੇਟ, ਨਾਭਾ ਤੋਂ ਸ਼ੁਰੂ ਹੋਵੇਗੀ। ਯਾਤਰਾ ਭੀਖੀ ਮੋੜ, ਸਦਰ ਬਾਜ਼ਾਰ, ਦੇਵੀ ਦਿਵਾਲਾ ਚੌਕ, ਭਾਵੜਾ ਬਾਜ਼ਾਰ ਅਤੇ ਮੈਹਸ ਗੇਟ ਤੋਂ ਹੁੰਦੀ ਹੋਈ ਸ਼੍ਰੀ ਹਨੂਮਾਨ ਮੰਦਰ, ਬਠਿੰਡੀਆ ਮੁਹੱਲਾ ਵਿਖੇ ਪਹੁੰਚੇਗੀ। ਯਾਤਰਾ ਦੌਰਾਨ ਸ਼ਿਆਮ ਭਗਤ ਹੱਥਾਂ ਵਿੱਚ ਨਿਸ਼ਾਨ ਲੈ ਕੇ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ।

ਇਸ ਵਿਸ਼ਾਲ ਨਿਸ਼ਾਨ ਯਾਤਰਾ ਨੂੰ ਹੋਰ ਵੀ ਆਕਰਸ਼ਕ ਬਣਾਉਣ ਲਈ ਸ਼੍ਰੀ ਸ਼ਿਆਮ ਬਾਬਾ ਜੀ ਦਾ ਸ਼ਾਨਦਾਰ ਰਥ, ਢੋਲ-ਨਗਾੜੇ, ਬੈਂਡ-ਬਾਜੇ, ਸੁੰਦਰ ਝਾਕੀਆਂ, ਰੰਗੋਲੀ, ਟਿੱਪਰੀ, ਡਾਂਡੀਆ, ਆਤਿਸ਼ਬਾਜ਼ੀ ਅਤੇ ਹੋਰ ਧਾਰਮਿਕ ਆਕਰਸ਼ਣ ਵਿਸ਼ੇਸ਼ ਖਿੱਚ ਦਾ ਕੇਂਦਰ ਰਹਿਣਗੇ। ਬਾਬਾ ਜੀ ਦਾ ਅਲੌਕਿਕ ਸ਼ਿੰਗਾਰ, ਛੱਪਣ ਭੋਗ ਅਤੇ ਫੁੱਲਾਂ ਤੇ ਇਤਰ ਦੀ ਵਰਖਾ ਨਾਲ ਸਮਾਗਮ ਨੂੰ ਭਗਤੀਮਈ ਮਾਹੌਲ ਪ੍ਰਦਾਨ ਕੀਤਾ ਜਾਵੇਗਾ। ਬਾਬਾ ਜੀ ਦੇ ਜਨਮਦਿਨ ਦੀ ਖੁਸ਼ੀ ਵਿੱਚ ਵਿਸ਼ੇਸ਼ ਸਜਾਵਟ ਅਤੇ ਗੁਬਾਰਿਆਂ , ਝੰਡਿਆਂ ਨਾਲ ਵੀ ਉਤਸਵ ਦੀ ਰੌਣਕ ਵਧਾਈ ਜਾਵੇਗੀ।

ਨਿਸ਼ਾਨ ਯਾਤਰਾ ਦੀ ਸਮਾਪਤੀ ਉਪਰੰਤ ਸ਼੍ਰੀ ਹਨੂਮਾਨ ਮੰਦਰ, ਬਠਿੰਡੀਆ ਮੁਹੱਲਾ ਵਿਖੇ ਸ਼੍ਰੀ ਸ਼ਿਆਮ ਬਾਬਾ ਜੀ ਦੀ ਮਹਿਮਾ ਨੂੰ ਸਮਰਪਿਤ ਭਜਨ-ਕੀਰਤਨ ਕਰਵਾਇਆ ਜਾਵੇਗਾ।

# ਆਈ ਜੇ ਡੋਡਾ ਫਾਊਂਡੇਸ਼ਨ ਵੱਲੋਂ ਸਰਕਾਰੀ ਸਮਾਰਟ ਸਕੂਲ, ਸਿਵਲ ਲਾਈਨਜ਼ ਵਿਖੇ 'ਸੀਡ-ਬਾਲ' ਵਰਕਸ਼ਾਪ

**ਪਟਿਆਲਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈ. ਜੇ. ਡੋਡਾ ਫਾਊਂਡੇਸ਼ਨ) ਨੇ, ਵਾਤਾਵਰਣ ਪ੍ਰੇਮੀ ਪ੍ਰਧਾਨ ਜੋਨੀਤਾ ਡੋਡਾ ਦੀ ਅਗਵਾਈ ਹੇਠ, ਅੱਜ ਇਥੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼ ਵਿਖੇ 'ਵਾਤਾਵਰਣ ਸਿੱਖਿਆ ਪ੍ਰੋਗਰਾਮ 2026-27' ਤਹਿਤ ਬੀਜ-ਬਾਲਾਂ ਰਾਹੀਂ ਹਰਿਆਲੀ ਵਧਾਉਣਾ ਵਿਸ਼ੇ 'ਤੇ ਇੱਕ ਵਰਕਸ਼ਾਪ ਕਰਵਾਈ। ਫਾਉਂਡੇਸ਼ਨ ਨੇ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ



ਸਹਿਯੋਗ ਨਾਲ 'ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ' ਦੀ ਰਾਜ ਪੱਧਰੀ ਨੋਡਲ ਏਜੰਸੀ ਵਜੋਂ ਕੰਮ ਕਰਦਿਆਂ ਇਹ ਪ੍ਰੋਗਰਾਮ ਆਯੋਜਿਤ ਕੀਤਾ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ, ਜੋਨੀਤਾ ਡੋਡਾ ਨੇ ਫਾਉਂਡੇਸ਼ਨ ਦੇ ਮੁਨਾਫ਼ੇ ਤੋਂ ਉੱਪਰ ਗ੍ਰਹਿ-ਧਰਤੀ ਦੇ ਫ਼ਲਸਫ਼ੇ ਤਹਿਤ ਜੈਵ-ਵਿਭਿੰਨਤਾ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੇ ਮਹੱਤਵ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਵਾਤਾਵਰਣ ਵਿੱਚ ਅਰਥਪੂਰਨ ਤਬਦੀਲੀ ਜਾਗਰੂਕਤਾ ਅਤੇ ਸਿੱਖਿਆ ਤੋਂ ਸ਼ੁਰੂ ਹੁੰਦੀ ਹੈ ਅਤੇ ਸਮੂਹਿਕ ਯਤਨਾਂ ਰਾਹੀਂ ਅੱਗੇ ਵਧਦੀ ਹੈ। 'ਸੀਡ-ਬਾਲ' ਮਾਹਿਰਾਂ ਨਿਰਮਲ ਡੋਗਰਾ, ਸੁਨੀਲ ਕੁਮਾਰ ਅਤੇ ਸੰਦੀਪ ਕੁਮਾਰ, ਨੇ ਬੀਜ-ਬਾਲ ਤਿਆਰ ਕਰਨ ਦੀ ਵਿਧੀ ਕਰਕੇ ਦਿਖਾਈ ਅਤੇ ਦੱਸਿਆ ਕਿ ਇਹ ਬਨਸਪਤੀ ਦੇ ਵਿਕਾਸ ਅਤੇ ਵਾਤਾਵਰਣਿਕ ਬਹਾਲੀ ਵਿੱਚ ਕਿਵੇਂ ਮਦਦਗਾਰ ਹੋ ਸਕਦੇ ਹਨ। ਇਸ ਮੌਕੇ ਸਿੱਖਣ ਦੇ ਤਜਰਬੇ ਨੂੰ ਦਿਲਚਸਪ ਅਤੇ ਸੰਵਾਦਮਈ ਬਣਾਉਣ ਲਈ ਇੱਕ ਦੋਸਤਾਨਾ ਮੁਕਾਬਲਾ ਵੀ ਕਰਵਾਇਆ ਗਿਆ।


ਜੋਨੀਤਾ ਡੋਡਾ ਨੇ ਕਿਹਾ ਕਿ ਆਪਣੀ 'ਸੀਡਜ਼ ਆਫ਼ ਚੇਂਜ' ਪਹਿਲਕਦਮੀ ਦੇ ਹਿੱਸੇ ਵਜੋਂ, ਫਾਊਂਡੇਸ਼ਨ ਹਜ਼ਾਰਾਂ ਬੀਜ-ਗੋਲੇ ਤਿਆਰ ਕਰਨ ਦੀ ਯੋਜਨਾ ਬਣਾ ਰਹੀ ਹੈ। ਇਨ੍ਹਾਂ ਨੂੰ ਤਿੰਨ ਜ਼ਿਲ੍ਹਿਆਂ ਵਿੱਚ ਵਾਤਾਵਰਣ ਪੱਖੋਂ ਢੁਕਵੀਆਂ ਥਾਵਾਂ 'ਤੇ ਖਿੰਡਾਇਆ ਜਾਵੇਗਾ, ਜਿਸ ਵਿੱਚ ਸ਼ਿਵਾਲਿਕ ਪਹਾੜੀਆਂ ਦੇ ਚੁਣੇ ਹੋਏ ਖੇਤਰ ਵੀ ਸ਼ਾਮਲ ਹਨ। ਇਸ ਦਾ ਉਦੇਸ਼ ਹਰਿਆਲੀ ਨੂੰ ਮੁੜ ਸੁਰਜੀਤ ਕਰਨਾ ਅਤੇ ਸਥਾਨਕ ਵਾਤਾਵਰਣ ਪ੍ਰਣਾਲੀਆਂ ਦੀ ਬਹਾਲੀ ਵਿੱਚ ਯੋਗਦਾਨ ਪਾਉਣਾ ਹੈ।

ਜੋਨੀਤਾ ਡੋਡਾ ਨੇ ਵਰਕਸ਼ਾਪ ਦੇ ਆਯੋਜਨ ਵਿੱਚ ਸਹਿਯੋਗ ਲਈ ਸਕੂਲ ਦੀ ਪ੍ਰਿੰਸੀਪਲ ਸੀਮਾ ਉੱਪਲ ਅਤੇ ਡਿਪਟੀ ਡੀਈਓ ਰਵਿੰਦਰਪਾਲ ਸਿੰਘ ਸਮੇਤ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਦੌਰਾਨ ਫਾਊਂਡੇਸ਼ਨ ਦੇ ਟਰੱਸਟੀ ਜਸਵਿੰਦਰ ਡੋਡਾ, ਹਰਸ਼ਦੀਪ ਡੋਡਾ, ਸਕੂਲ ਦਾ ਸਟਾਫ਼, ਵਿਦਿਆਰਥੀ ਅਤੇ ਹੋਰ ਭਾਗੀਦਾਰ ਵੀ ਮੌਜੂਦ ਸਨ।

# ਨਸ਼ਿਆਂ ਦੇ ਸੌਦਾਗਰਾਂ ਲਈ ਪੁਲਿਸ ਦੀ ਸਖ਼ਤ ਚਿਤਾਵਨੀ, ਉਨ੍ਹਾਂ ਮੈਡੀਕਲ ਸਟੋਰਾਂ 'ਤੇ ਹੋਵੇਗੀ ਤਿੱਖੀ ਨਜ਼ਰ : ਐਸ.ਪੀ.ਡੀ ਫ਼ਰੀਦਕੋਟ

**ਜੈਤੋਂ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਪ੍ਰਸ਼ਾਸਨ ਵੱਲੋਂ ਜੈਤੋ ਪੁਲਿਸ ਥਾਣੇ ਵਿਖੇ ਕੈਮਿਸਟ ਐਸੋਸੀਏਸ਼ਨ ਜੈਤੋ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।



ਮੀਟਿੰਗ ਦੀ ਅਗਵਾਈ ਐੱਸ.ਪੀ. (ਡੀ) ਨਰਿੰਦਰ ਸਿੰਘ ਫ਼ਰੀਦਕੋਟ ਅਤੇ ਡੀ.ਐੱਸ.ਪੀ. ਇਕਬਾਲ ਸਿੰਘ ਸੰਧੂ ਜੈਤੋ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ ਪੁਲਿਸ ਅਧਿਕਾਰੀਆਂ ਨੇ ਕੈਮਿਸਟ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਨਸ਼ਿਆਂ ਦੀ ਰੋਕਥਾਮ ਅਤੇ ਦਵਾਈਆਂ ਦੀ ਸਹੀ ਵਰਤੋਂ ਸਬੰਧੀ ਜਾਗਰੂਕ ਕਰਦਿਆਂ ਕਿਹਾ ਕਿ ਕਿਸੇ ਵੀ ਮੈਡੀਕਲ ਸਟੋਰ ਤੋਂ ਨਸ਼ੀਲੇ ਪਦਾਰਥ ਜਾਂ ਪਾਬੰਦੀਸ਼ੁਦਾ ਦਵਾਈਆਂ ਦੀ ਗ਼ੈਰ-ਕਾਨੂੰਨੀ ਵਿਕਰੀ ਜਾਂ ਬਰਾਮਦਗੀ ਸਾਹਮਣੇ ਆਉਣ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਸਿੰਘ ਢਿੱਲੋਂ ਨੇ ਪੁਲਿਸ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਕਿ ਐਸੋਸੀਏਸ਼ਨ ਦਾ ਕੋਈ ਵੀ ਮੈਂਬਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਵਿੱਚ ਸ਼ਾਮਲ ਨਹੀਂ ਹੈ। ਉਨ੍ਹਾਂ ਆਪਣੇ ਮੈਂਬਰਾਂ ਨੂੰ ਵੀ ਸਖ਼ਤ ਹਦਾਇਤ ਕੀਤੀ ਕਿ ਕੋਈ ਵੀ ਵਿਅਕਤੀ ਅਜਿਹੇ ਗ਼ੈਰ-ਕਾਨੂੰਨੀ ਕੰਮ ਵਿੱਚ ਸ਼ਾਮਲ ਨਾ ਹੋਵੇ।

# ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਹਲਕਾ ਅਮਰਗੜ੍ਹ ਤੋਂ ਮੁੜ ਉਮੀਦਵਾਰ ਬਣਾਏ ਜਾਣ 'ਤੇ ਪਾਰਟੀ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ

**ਅਮਰਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਹਲਕਾ ਅਮਰਗੜ੍ਹ ਤੋਂ ਮੁੜ ਉਮੀਦਵਾਰ ਐਲਾਨੇ ਜਾਣ 'ਤੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਹੈ।



ਪ੍ਰੋ. ਗੱਜਣਮਾਜਰਾ ਨੇ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸ੍ਰੀ ਮਨੀਸ਼ ਸਿਸੋਦੀਆ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ਉੱਪਰ ਮੁੜ ਭਰੋਸਾ ਜਤਾਉਣਾ ਉਨ੍ਹਾਂ ਲਈ ਬਹੁਤ ਵੱਡੇ ਮਾਣ ਅਤੇ ਸਨਮਾਨ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਭਰੋਸਾ ਉਨ੍ਹਾਂ ਲਈ ਕੇਵਲ ਸਿਆਸੀ ਜ਼ਿੰਮੇਵਾਰੀ ਨਹੀਂ, ਸਗੋਂ ਹਲਕਾ ਅਮਰਗੜ੍ਹ ਦੇ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਨ ਦਾ ਅਹਿਮ ਮੌਕਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਲਈ ਵਚਨਬੱਧ ਹਨ। ਗੱਜਣਮਾਜਰਾ ਨੇ ਹਲਕਾ ਅਮਰਗੜ੍ਹ ਦੇ ਆਮ ਆਦਮੀ ਪਾਰਟੀ ਦੇ ਸਮੂਹ ਸਤਿਕਾਰਯੋਗ ਆਗੂਆਂ, ਅਹੁਦੇਦਾਰਾਂ ਅਤੇ ਮਿਹਨਤੀ ਵਰਕਰਾਂ ਦਾ ਵੀ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਮਿਲਿਆ ਪਿਆਰ, ਸਹਿਯੋਗ ਅਤੇ ਵਿਸ਼ਵਾਸ ਹਮੇਸ਼ਾ ਉਨ੍ਹਾਂ ਲਈ ਪ੍ਰੇਰਨਾ ਸਰੋਤ ਰਿਹਾ ਹੈ।

# ਫਤਿਹਗੜ੍ਹ ਸਾਹਿਬ ਤੋਂ ਐਡਵੋਕੇਟ ਲਖਬੀਰ ਸਿੰਘ ਰਾਏ ਨੂੰ ਆਪ ਨੇ ਤੀਜੀ ਵਾਰ ਟਿਕਟ ਨਾਲ ਨਿਵਾਜਿਆ



**ਸ੍ਰੀ ਫਤਿਹਗੜ੍ਹ ਸਾਹਿਬ,5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਚੋਣਾਂ 2027 ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਪਹਿਲੀ ਲਿਸਟ ਜਾਰੀ ਕਰ ਦਿੱਤੀ ਗਈ ਹੈ। ਜਿਸ ਵਿੱਚ ਹਲਕਾ ਫਤਿਹਗੜ੍ਹ ਸਾਹਿਬ ਤੋਂ ਮੌਜੂਦਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੂੰ ਪਾਰਟੀ ਵੱਲੋਂ ਤੀਜੀ ਵਾਰ ਟਿਕਟ ਦੇ ਨਾਲ ਨਿਵਾਜਿਆ ਗਿਆ ਹੈ। ਆਪ ਦੀ ਪਹਿਲੀ ਲਿਸਟ ਆਉਣ ਤੇ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਦੇ ਦਫਤਰ ਵਿਖੇ ਵਰਕਰਾਂ ਦਾ ਤਾਂਤਾ ਲੱਗ ਗਿਆ, ਸਾਰਿਆਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਗਿਆ।

ਜ਼ਿਕਰਯੋਗ ਹੈ ਕਿ ਲਖਬੀਰ ਸਿੰਘ ਰਾਏ ਵਿਧਾਨ ਸਭਾ ਚੋਣਾਂ 2017 ਦੇ ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਚੋਣ ਲੜੇ ਸਨ, ਪ੍ਰੰਤੂ ਹਾਰ ਗਏ ਸਨ। ਵਿਧਾਨ ਸਭਾ ਚੋਣਾਂ 2022 ਦੇ ਵਿੱਚ ਆਮ ਆਦਮੀ ਪਾਰਟੀ ਵੱਲੋਂ ਫਿਰ ਦੂਜੀ ਵਾਰ ਐਡਵੋਕੇਟ ਲਖਬੀਰ ਸਿੰਘ ਰਾਏ ਨੂੰ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਐਲਾਨਿਆ ਗਿਆ ਸੀ, ਜਿਨਾਂ ਨੇ 58 ਹਜ਼ਾਰ ਵੋਟਾਂ ਹਾਸਲ ਕਰਕੇ ਰਿਕਾਰਡ ਤੋੜ ਜਿੱਤ ਦਰਜ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ, ਲੋਕਾਂ ਵਿੱਚ ਮਿਲ ਰਹੇ ਪਿਆਰ ਸਤਿਕਾਰ ਅਤੇ ਹਰਮਨ ਪਿਆਰਤਾ ਨੂੰ ਦੇਖਦਿਆਂ ਪਾਰਟੀ ਵੱਲੋਂ ਦੂਜੀ ਵਾਰ ਉਹਨਾਂ ਉੱਤੇ ਦਾਅ ਖੇਡਿਆ ਜਾ ਰਿਹਾ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕਾਂ ਨੇ ਹਮੇਸ਼ਾ ਹੀ ਉਹਨਾਂ ਨੂੰ ਮਾਣ ਬਖਸ਼ਿਆ ਹੈ ਭਾਵੇਂ ਕਿ ਵਿਧਾਨ ਸਭਾ ਚੋਣਾਂ ਹੋਣ, ਲੋਕ ਸਭਾ ਚੋਣਾਂ ਹੋਣ, ਬਲਾਕ ਸੰਮਤੀ, ਜਿਲਾ ਪਰਿਸ਼ਦ ਜਾਂ ਨਗਰ ਕੌਂਸਲ ਦੀਆਂ ਚੋਣਾਂ ਹੋਣ। ਹਮੇਸ਼ਾ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਪਿਆਰ ਦਿੱਤਾ ਗਿਆ ਹੈ।

ਇਸ ਪਿਆਰ ਸਦਕਾ ਹੀ ਉਹ ਪੰਜ ਸਾਲ ਡੱਟ ਕੇ ਕੰਮ ਕਰਨ ਦੇ ਸਮਰੱਥ ਹੋਏ ਹਨ। ਉਹਨਾਂ ਆਪਣੇ ਕਾਰਜਕਾਲ ਦੇ ਦੌਰਾਨ ਪਿੰਡਾਂ ਦੀ ਨੁਹਾਰ ਬਦਲਣ ਦੇ ਲਈ ਪਿੰਡਾਂ ਦੇ ਵਿੱਚ ਵਿਕਾਸ ਕਾਰਜ ਕਰਵਾਏ, ਖੇਡ ਮੈਦਾਨ ਬਣਵਾਏ, ਸੜਕਾਂ ਬਣਵਾਈਆਂ, ਕਮਿਊਨਿਟੀ ਹਾਲ ਬਣਾਏ, ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕਾਰਜ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਦਿੱਤੀਆਂ ਗਈਆਂ ਸੁੱਖ ਸੁਵਿਧਾਵਾਂ ਨੂੰ ਘਰ ਘਰ ਤੱਕ ਪਹੁੰਚਾਉਣ ਦੇ ਲਈ ਹਰ ਉਪਰਾਲਾ ਕੀਤਾ। ਉਹ ਆਸ ਕਰਦੇ ਹਨ ਕਿ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕ 2027 ਦੀਆਂ ਚੋਣਾਂ ਦੇ ਵਿੱਚ ਉਹਨਾਂ ਨੂੰ ਬਹੁਮਤ ਦੇ ਨਾਲ ਜਿਤਾ ਕੇ ਭੇਜਣਗੇ, ਫਿਰ ਉਹ ਪਹਿਲਾਂ ਨਾਲੋਂ ਵੀ ਦੁੱਗਣੀ ਰਫਤਾਰ ਦੇ ਨਾਲ ਕੰਮ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਦਵਿੰਦਰ ਕੌਰ, ਕੌਂਸਲਰ ਅਸੀਸ ਅੱਤਰੀ, ਕੌਂਸਲਰ ਰਜੇਸ਼ ਉੱਪਲ, ਕੌਂਸਲਰ ਐਡਵੋਕੇਟ ਹਰਕਮਲ ਸਿੰਘ, ਕੌਂਸਲਰ ਪਵੇਲ ਹਾਂਡਾ, ਰਮੇਸ਼ ਕੁਮਾਰ ਸੋਨੂੰ, ਅਮਰੀਕ ਸਿੰਘ ਬਾਲਪੁਰ, ਕੌਂਸਲਰ ਰਜੇਸ਼ ਉੱਪਲ, ਦਿਲਪ੍ਰੀਤ ਭੱਟੀ, ਹਰਬੰਸ ਸਿੰਘ, ਰਜੇਸ਼ ਕੁਮਾਰ ਸਿੱਖਿਆ ਵਿਭਾਗ, ਮਨਦੀਪ ਪੋਲਾ, ਐਡਵੋਕੇਟ ਕੰਵਰਵੀਰ ਸਿੰਘ ਰਾਏ, ਨੰਬਰਦਾਰ ਜਗਰੂਪ ਸਿੰਘ, ਬਹਾਦਰ ਜਲਾਲ, ਕੌਂਸਲਰ ਬਲਦੇਵ ਜਲਾਲ, ਸਤੀਸ਼ ਲਟੌਰ, ਮਾਨਵ ਟਿਵਾਣਾ, ਬਹਾਦਰ ਖਾਨ, ਹੈਪੀ ਭੈਣੀ, ਬਲਵੀਰ ਚੀਮਾ, ਦੀਪਕ ਬਾਤਿਸ਼ ਆਦਿ ਵੀ ਹਾਜ਼ਰ ਸਨ।

# ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਨਵੇਂ ਉਸਾਰੇ ਲੋਕਲ ਬੱਸ ਅੱਡੇ ਦਾ ਕੀਤਾ ਉਦਘਾਟਨ



**ਮੋਰਿੰਡਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਰਿੰਡਾ ਵਿਖੇ ਮਹਾਰਾਜਾ ਸ : ਜੱਸਾ ਸਿੰਘ ਰਾਮਗੜੀਆ ਚੌਂਕ ਦੇ ਨਜ਼ਦੀਕ ਤੇ ਲੋਕਲ ਬੱਸ ਅੱਡੇ ਦੀ ਮੰਗ ਅੱਜ ਉਸ ਸਮੇਂ ਪੂਰੀ ਹੋਈ ਜਦੋਂ ਹਲਕਾ ਸ਼੍ਰੀ ਚਮਕੌਰ ਸਾਹਿਬ ਦੇ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਦੇ ਉਪਰਾਲੇ ਸਦਕਾ ਨਵੇਂ ਉਸਾਰੇ ਇਸ ਬੱਸ ਅੱਡੇ ਦਾ ਉਦਘਾਟਨ ਕੀਤਾ ਗਿਆ। ਇਸ ਲੋਕਲ ਬਸ ਅੱਡੇ ਦਾ ਨਾਮ ਵੀ ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਬੱਸ ਸਟਾਫ ਰੱਖਿਆ ਗਿਆ ਹੈ। ਇਸ ਮੌਕੇ ਤੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਇਕ ਬਹੁਤ ਵੱਡੀ ਘਾਲਣਾ ਕਰਕੇ ਸਾਡੇ ਪੰਜਾਬ ਲਈ ਸਾਡੇ ਸਿੱਖਾਂ ਲਈ ਮਾਨ ਦਿੱਤਾ। ਅੱਜ ਅਗਰ ਸਿੱਖੀ ਕਾਇਮ ਹੈ ਤਾਂ ਇਹੋ ਜਿਹੇ ਜਰਨੈਲਾਂ ਕਰਕੇ ਹੀ ਕਾਇਮ ਹੈ। ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਦਿਖਾਏ ਮਾਰਗ 'ਤੇ ਚਲਦੇ ਹੋਏ ਪੰਜਾਬ ਲਈ ਅਤੇ ਸਿੱਖੀ ਲਈ ਆਪਣਾ ਬਲਿਦਾਨ ਦਿੱਤਾ। ਉਨ੍ਹਾਂ ਕਿਹਾ ਕਿ ਸਾਡੀ ਕੌਮ ਦੇ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਮ 'ਤੇ ਇਸ ਬੱਸ ਸਟਾਪ ਦਾ ਨਾਂ ਰੱਖਿਆ ਗਿਆ ਹੈ। ਨਾ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹਨਾਂ ਦੇ ਯਤਨਾ ਸਦਕਾ ਹੀ ਅੱਜ ਇਹ ਬਸ ਸਟਾਪ ਬਣਿਆ ਹੈ ਜਦਕਿ ਇਸ ਤੋਂ ਪਹਿਲਾਂ ਇਸ ਚੌਕ ਦਾ ਨਾਮ ਵੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਇਸ ਨਾਲ ਰੋਜਾਨਾ ਚੰਡੀਗੜ੍ਹ, ਮੋਹਾਲੀ, ਪੰਚਕੂਲਾ ਵਿਖੇ ਵੱਖ ਵੱਖ ਦਫਤਰਾਂ ਫੈਕਟਰੀਆਂ ਵਿੱਚ ਜਾਣ ਵਾਲੇ ਅਤੇ ਸੀ ਯੂ, ਤੇ ਚੰਡੀਗੜ੍ਹ ਮੋਹਾਲੀ ਦੇ ਕਾਲਜਾਂ ਵਿੱਚ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਨੂੰ ਵੱਡੀ ਸੁਵਿਧਾ ਮਿਲੇਗੀ। ਇਸ ਮੌਕੇ ਤੇ ਉਨਾਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦੀ ਗੱਲ ਕਰਦੇ ਹੋਏ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਇਕੱਲੇ ਮੋਰਿੰਡਾ ਸ਼ਹਿਰ ਵਿੱਚ ਵੱਡੇ ਪੱਧਰ ਤੇ ਵਿਕਾਸ ਕਰਵਾਏ ਗਏ ਹਨ। ਜਿਨਾਂ ਵਿੱਚ ਰੇਲਵੇ ਅੰਡਰ ਬ੍ਰਿਜ, ਆਮ ਆਦਮੀ ਪਾਰਟੀ ਕਲੀਨਿਕ ਸਰਕਾਰੀ ਹਸਪਤਾਲ ਦੀ ਦੋ ਕਰੋੜ ਦੀ ਲਾਗਤ ਨਾਲ ਰੈਨੋਵੇਸ਼ਨ, 34 ਲੱਖ ਤੋਂ ਵੱਧ ਦੀ ਲਾਗਤ ਨਾਲ ਸ਼ਹਿਰ ਵਿੱਚ ਸੀਸੀਟੀਵੀ ਕੈਮਰੇ ਲਗਾਉਣ, ਸ਼ਹਿਰ ਵਿੱਚ ਨਵੇਂ ਟਿਊਬਵੈਲ ਲਗਾਉਣ, ਪਟਵਾਰਖਾਨਾ, ਆਦਿ ਸਬੰਧੀ ਵੀ ਚਰਚਾ ਕੀਤੀ।

ਇਸ ਮੌਕੇ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਦੇ ਸਰਪ੍ਰਸਤ ਕੁਲਵੀਰ ਸਿੰਘ ਸੋਨੂ ਦੀ ਦੀ ਟੀਮ ਵੱਲੋਂ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨਗਰ ਕੌਂਸਲ ਦੇ ਪ੍ਰਧਾਨ ਜਗਪਾਲ ਸਿੰਘ ਜੌਲੀ ਮੀਤ ਪ੍ਰਧਾਨ ਹਰਜਿੰਦਰ ਸਿੰਘ ਛਿੱਬਰ ਅਤੇ ਹੋਰ ਆਏ ਹੋਏ ਮੈਂ ਮਹਿਮਾਨ ਨੂੰ ਸਿਰ ਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਕੇਂਦਰੀ ਮੁਲਾਜ਼ਮਾਂ ਦੇ ਡੀਏ ਵਿੱਚ 3% ਵਾਧਾ ਕਰਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫ਼ੈਸਲੇ ਦਾ ਕੀਤਾ ਸਵਾਗਤ

**ਮੋਗਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਮੋਗਾ ਜ਼ਿਲ੍ਹੇ ਦੇ ਪ੍ਰਧਾਨ ਡਾ. ਹਰਜੋਤ ਕਮਲ ਨੇ ਕੇਂਦਰੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ (ਡੀਏ) ਵਿੱਚ ਪ੍ਰਤੀਸ਼ਤ ਵਾਧਾ ਕਰਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ 'ਤੇ ਸੂਬੇ ਦੇ ਮੁਲਾਜ਼ਮਾਂ ਨੂੰ ਵੀ ਕੇਂਦਰ ਦੀ ਤਰਜ਼ 'ਤੇ 63 ਪ੍ਰਤੀਸ਼ਤ ਡੀਏ ਦਿੱਤਾ ਜਾਵੇਗਾ।



ਪੰਜਾਬ ਸਰਕਾਰ ਦੀ ਆਲੋਚਨ ਕਰਦਿਆ ਡਾ. ਹਰਜੋਤ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਅਜੇ ਤੱਕ 60 ਪ੍ਰਤੀਸ਼ਤ ਡੀਏ ਵੀ ਨਹੀਂ ਦਿੱਤਾ ਗਿਆ ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਆਪਣੇ ਮੁਲਾਜ਼ਮਾਂ ਨੂੰ ਕੇਂਦਰੀ ਮੁਲਾਜ਼ਮਾਂ ਦੇ ਬਰਾਬਰ ਡੀਏ ਦੇਣ ਦੇ ਨਿਰਦੇਸ਼ ਦਿੱਤੇ ਸਨ, ਪਰ ਸਰਕਾਰ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਇਸ ਦੇ ਨਤੀਜੇ ਵਜੋਂ 27 ਅਕਤੂਬਰ ਨੂੰ ਹਾਈ ਕੋਰਟ ਨੇ 'ਆਪ' ਸਰਕਾਰ 'ਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਅਦਾਲਤ ਵਿੱਚ ਮੁਆਫ਼ੀ ਵੀ ਮੰਗਣੀ ਪਈ।

ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਮੁਲਾਜ਼ਮ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਸੂਬੇ ਦੇ ਲਗਭਗ ਅੱਠ ਲੱਖ ਮੁਲਾਜ਼ਮ ਆਪਣੇ ਹੱਕ ਲੈਣ ਲਈ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ, ਜਦਕਿ ਸਰਕਾਰ ਆਪਣੀ ਜ਼ਿੱਦ 'ਤੇ ਅੜੀ ਹੋਈ ਹੈ। ਡਾ. ਹਰਜੋਤ ਨੇ ਕਿਹਾ ਕਿ ਪੰਜਾਬ ਸਰਕਾਰ ਕਾਨੂੰਨੀ ਅਤੇ ਅਦਾਲਤੀ ਚੱਕਰਾਂ ਵਿਰ ਉਲਝਾ ਕੇ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਨਾਲ ਧੱਕਾ ਕਰ ਰਹੀ ਹੈ । ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ 'ਤੇ ਮੁਲਾਜ਼ਮਾਂ ਨੂੰ ਡੀਏ ਦਾ ਬਕਾਇਆ ਵੀ ਅਦਾ ਕੀਤਾ ਜਾਵੇਗਾ।

# ਪੰਜਾਬ ਸਰਕਾਰ ਦੇ ਨਵੇਂ ਕਾਨੂੰਨ ਨਾਲ ਕਿਸਾਨਾਂ ਦਾ ਸਹਿਕਾਰੀ ਸਭਾਵਾਂ ਨਾਲ ਲੈਣ ਦੇਣ ਹੋਇਆ ਬਹੁਤਾ ਔਖਾ



**ਰੂਪਨਗਰ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਰੂਪਨਗਰ ਦੀ ਅਹਿਮ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਦਲਜੀਤ ਸਿੰਘ ਚਲਾਕੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਮਿਤੀ 1-10-26 ਤੋ ਨਵੀ ਕਰਜ਼ਾ ਪਾਲਸੀ ਲਾਗੂ ਕੀਤੀ ਗਈ ਹੈ , ਜਿਸ ਵਿੱਚ ਹੇਠ ਲਿਖੇ ਅਨੁਸਾਰ ਮੁੱਖ ਸੋਧਾਂ ਮੁਤਾਬਿਕ ਪਹਿਲਾਂ ਕਿਸਾਨ ਮੈਂਬਰ ਆਪਣੀ ਹਿੱਸੇਦਾਰੀ 5 ਕਿੱਲੇ ਤੱਕ 1 ਲੱਖ ਕਰਜੇ ਦੇ ਲਈ 3300 ਰੁਪਏ ਜਮ੍ਹਾਂ ਕਰਾਉਂਦਾ ਸੀ ਪਰ ਹੁਣ ਇਹ 6000 ਰੁਪਏ ਕਰ ਦਿਤੀ ਹੈ, 5 ਕਿੱਲੇ ਤੋਂ ਉੱਪਰ ਵਾਲੇ ਕਿਸਾਨ ਲਈ 5000 ਤੋ ਵਧਾ ਕੇ 9000 ਰੁਪਏ ਹੋ ਗਈ ਹੈ। ਪਹਿਲਾਂ ਹਿੱਸੇਦਾਰੀ ਦੀ ਅੱਧੀ ਰਕਮ ਸੁਸਾਇਟੀ ਵਿੱਚ ਅਤੇ ਬਾਕੀ ਅੱਧੀ ਬੈਂਕ ਵਿੱਚ ਜਮ੍ਹਾਂ ਹੁੰਦੀ ਸੀ ਹੁਣ ਸਾਰੀ ਰਕਮ ਬੈਂਕ ਵਿੱਚ ਜਮ੍ਹਾਂ ਹੋਵੇਗੀ। ਜਿਸ ਨਾਲ ਮੈਂਬਰ ਨੂੰ ਹਿੱਸੇਦਾਰੀ ਵਾਪਸ ਲੈਣ ਵਿੱਚ ਬਹੁਤ ਮੁਸ਼ਕਿਲ ਆਵੇਗੀ, ਅਤੇ ਮੈਂਬਰ ਨੂੰ ਵੱਧ ਰਕਮ ਦੇਣੀ ਪਵੇਗੀ।ਪਹਿਲਾਂ ਕਿਸਾਨ ਮੈਂਬਰ ਨੂੰ ਕੋਈ ਜ਼ਮੀਨ ਸੁਸਾਇਟੀ ਦੇ ਕਰਜ਼ੇ ਲਈ ਗਿਰਵੀ ਨਹੀਂ ਕਰਨੀ ਪੈਂਦੀ ਸੀ ਹੁਣ ਨਵੀਂ ਪਾਲਸੀ ਅਨੁਸਾਰ ਜਿਸ ਕਿਸਾਨ ਦਾ ਹੱਦ ਕਰਜ਼ਾ 2 ਲੱਖ ਤੋ 1 ਰੁਪਏ ਵੀ ਵੱਧ ਹੈ ਤਾਂ ਉਸ ਨੂੰ ਪੂਰੀ ਰਕਮ ਦੇ ਬਰਾਬਰ ਆਪਣੀ ਜ਼ਮੀਨ 43 ਰੇਟ ਅਨੁਸਾਰ ਸੁਸਾਇਟੀ ਦੇ ਹੱਕ ਵਿੱਚ ਪਹਿਲਾਂ ਗਿਰਵੀ ਕਰਨੀ ਪਵੇਗੀ। ਜਿਨ੍ਹਾਂ ਮੈਂਬਰਾਂ ਨੇ ਕਿਸੇ ਵੀ ਹੋਰ ਬੈਂਕ ਤੋਂ ™33 ਲਿਮਟ ਬਣਵਾਈ ਹੈ ਉਹਨਾਂ ਨੂੰ 4% ਵੱਧ ਵਿਆਜ ਲੱਗੇਗਾ। ਇਹਨਾਂ ਕਿਸਾਨ ਮਾਰੂ ਫੈਸਲਿਆਂ ਖਿਲਾਫ ਸੰਯੁਕਤ ਕਿਸਾਨ ਮੋਰਚਾ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਲਾਮਬੰਦ ਕਰੇਗਾ ਅਤੇ ਇਸ ਫੈਸਲੇ ਨੂੰ ਵਾਪਸ ਲੈਣ ਲਈ ਸਰਕਾਰ ਨੂੰ ਮਜਬੂਰ ਕਰਨ ਵਾਸਤੇ ਦੋ ਨਵੰਬਰ ਨੂੰ ਜ਼ਿਲ੍ਹਾ ਰਜਿਸਟਰਾਰ ਦੇ ਦਫਤਰ ਅੱਗੇ 11 ਵਜੇ ਤੋਂ ਦੋ ਵਜੇ ਤੱਕ ਰੋਸ ਧਰਨਾ ਦੇ ਕੇ ਜਿਲਾ ਰਜਿਸਟਰਾਰ ਨੂੰ ਪੰਜਾਬ ਸਰਕਾਰ ਦੇ ਨਾਂ ਮੰਗ ਪੱਤਰ ਭੇਜ ਕੇ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰੇਗਾ। ਚਰਚਾ ਵਿੱਚ ਇਹ ਵੀ ਗੱਲ ਸਾਹਮਣੇ ਆਈ ਕਿ ਕਣਕ ਦੀ ਬਜਾਈ ਜੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਚੁੱਕੀ ਹੈ ਪਰ ਬਿਜਾਈ ਲਈ ਲੋੜੀਂਦੀ ਡੀਏਪੀ ਖਾਦ ਲੈਣ ਲਈ ਕਿਸਾਨ ਭਟਕ ਰਹੇ ਹਨ ਸਰਕਾਰ ਤੋਂ ਮੰਗ ਕੀਤੀ ਗਈ ਕਿ ਜਰੂਰਤ ਅਨੁਸਾਰ ਕਿਸਾਨਾਂ ਨੂੰ ਡੀਏਪੀ ਖਾਦ ਮੁਹੱਈਆ ਕਰਵਾਈ ਜਾਵੇ। ਸੰਯੁਕਤ ਕਿਸਾਨ ਮੋਰਚਾ ਵੱਲੋਂ ਸਮੂਹ ਕਿਸਾਨਾਂ ਅਤੇ ਕਿਸਾਨੀ ਦੇ ਹਮਦਰਦਾਂ ਨੂੰ ਵੱਧ ਚੜ੍ਹ ਕੇ ਇਸ ਸੰਘਰਸ਼ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਤਾਂ ਜੋ ਪਹਿਲਾਂ ਹੀ ਵੱਡੇ ਹੱਲਿਆਂ ਦਾ ਸਾਹਮਣਾ ਕਰ ਰਹੀ ਕਿਸਾਨੀ ਨੂੰ ਬਚਾਇਆ ਜਾ ਸਕੇ। ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਤੋਂ ਅਮਨਪ੍ਰੀਤ ਸਿੰਘ, ਜਮਹੂਰੀ ਕਿਸਾਨ ਸਭਾ ਤੋਂ ਮੋਹਨ ਸਿੰਘ ਧਮਾਣਾ, ਧਰਮਪਾਲ ਸੈਣੀ ਮਾਜਰਾ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸਾਥੀ ਸੁਰਜੀਤ ਸਿੰਘ ਢੇਰ, ਮਾਸਟਰ ਦਲੀਪ ਸਿੰਘ ਘਨੌਲਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਵੱਲੋਂ ਸਾਥੀ ਦਵਿੰਦਰ ਨੰਗਲੀ,ਗੁਰਨਾਮ ਸਿੰਘ ਔਲਖ, ਕਿਰਤੀ ਕਿਸਾਨ ਮੋਰਚਾ ਵੱਲੋਂ ਜਰਨੈਲ ਸਿੰਘ ਮਗਰੋੜ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਮੋਹਰ ਸਿੰਘ ਖਾਬੜਾ ਆਦਿ ਹਾਜ਼ਰ ਸਨ।

# ਸਕੂਲੀ ਵਿਦਿਆਰਥੀਆਂ ਨੇ ਦੀਵਾਲੀ ਤੇ ਗੁਰਪੁਰਬ ਮੌਕੇ ਪਟਾਕੇ ਨਾ ਚਲਾਉਣ ਦਾ ਕੀਤਾ ਪ੍ਰਣ

## ਪਟਾਕੇ ਵਾਤਾਵਰਣ ਅਤੇ ਮਨੁੱਖਤਾ ਲਈ ਖਤਰਨਾਕ ਹਨ: ਡਾ. ਰਾਕੇਸ਼ ਵਰਮੀ

**ਪਟਿਆਲਾ,/ਦੇਵੀਗੜ੍ਹ 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਵਾਲੀ, ਗੁਰਪੁਰਬ ਅਤੇ ਹੋਰ ਤਿਓਹਾਰਾਂ ਮੌਕੇ ਪਟਾਕੇ ਤੇ ਆਤਿਸ਼ਬਾਜ਼ੀ ਨਾ ਚਲਾਉਂਣ ਲਈ ਸਕੂਲੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਤੇ ਡੈਡੀਕੇਟਡ ਬ੍ਰਦਰਜ਼ ਗਰੁੱਪ ਵੱਲੋਂ ਸਾਂਝੇ ਤੌਰ 'ਤੇ ਫਸਟ ਏਡ ਮਾਹਿਰ ਤੇ ਚੀਫ ਟਰੇਨਰ ਕਾਕਾ ਰਾਮ ਵਰਮਾ ਦੀ ਅਗਵਾਈ ਹੇਠ ਸੋਨੀ ਪਬਲਿਕ ਸਕੂਲ ਵਿਖੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿਚ ਵਿਦਿਆਰਥੀਆਂ ਨੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦੀਵਾਲੀ ਤੇ ਗੁਰਪੁਰਬ ਮੌਕੇ ਪਟਾਕੇ ਤੇ ਆਤਿਸ਼ਬਾਜੀ ਚਲਾ ਕੇ ਹਵਾ ਅਤੇ ਸ਼ੋਰ ਪ੍ਰਦੂਸ਼ਣ ਵਿਚ ਵਾਧਾ ਹੋਣ ਕਾਰਨ




ਗਰਭਵਤੀ ਔਰਤਾਂ, ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਪਸ਼ੂ-ਪੰਛੀਆਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਈ ਕੇਸਾਂ ਵਿਚ ਤਾਂ ਮੌਤ ਵੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਟਾਕੇ ਅਤੇ ਆਤਿਸ਼ਬਾਜ਼ੀ ਚਲਾਉਣਾ ਸ਼ਰੇਆਮ ਨੋਟਾਂ ਨੂੰ ਅੱਗ ਲਗਾਉਣ ਦੇ ਬਰਾਬਰ ਹੈ।ਉਨ੍ਹਾਂ ਕਿਹਾ ਕਿ ਮਾਪਿਆਂ ਦੀ ਖੂਨ-ਪਸੀਨੇ ਦੀ ਕਮਾਈ ਨੂੰ ਅੱਗ ਲਗਾਉਣਾ ਬੇਹੱਦ ਸ਼ਰਮਨਾਕ ਹੈ। ਇਸ ਮੁਕਾਬਲੇ ਵਿਚ 12 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿਚੋਂ ਮੋਹਰੀ ਤਿੰਨ ਤ੍ਰਿਸ਼ਾ, ਉਤਮ ਮੱਲਾ ਤੇ ਸਲੋਨੀ ਨੂੰ ਦੋਸਤ ਸੰਸਥਾ ਵੱਲੋਂ ਬੈਗ ਅਤੇ ਸਾਰੇ ਭਾਗੀਦਾਰਾਂ ਨੂੰ ਡੈਡੀਕੇਟਡ ਬ੍ਰਦਰਜ਼ ਗਰੁੱਪ ਵੱਲੋਂ ਟੀ-ਸ਼ਰਟਾਂ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਡਾ. ਰਾਕੇਸ਼ ਵਰਮੀ ਨੇ ਬੋਲਦਿਆਂ ਕਿਹਾ ਕਿ ਪਟਾਕਿਆਂ 'ਤੇ ਖਰਚ ਕੀਤੇ ਜਾਣ ਵਾਲੇ ਪੈਸਿਆਂ ਨੂੰ ਆਪਣੀ ਪੜ੍ਹਾਈ ਨਾਲ ਸੰਬੰਧਿਤ ਲੋੜ ਦੀਆਂ ਵਸਤੂਆਂ ਖਰੀਦੀਆਂ ਜਾ ਸਕਦੀਆਂ ਹਨ ਜਾਂ ਕਿਸੇ ਲੋੜਵੰਦ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ। ਅਰਬਾਂ ਖਰਬਾਂ ਦੇ ਪਟਾਕੇ ਤੇ ਆਤਿਸ਼ਬਾਜ਼ੀ ਵਾਤਾਵਰਣ ਅਤੇ ਮਨੁੱਖਤਾ ਲਈ ਖਤਰਨਾਕ ਹਨ। ਇਸ ਮੌਕੇ ਟਰੈਫਿਕ ਐਜੂਕੇਸ਼ਨ ਸੈੱਲ ਤੋਂ ਏ.ਐਸ.ਆਈ. ਰਾਮ ਸ਼ਰਨ ਨੇ ਟਰੈਫਿਕ ਨਿਯਮਾਂ ਸੰਬੰਧੀ ਅਤੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਨੇ ਖੂਨਦਾਨ ਕਰਨ ਅਤੇ ਬੂਟੇ ਲਾਉਣ ਦੀ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ।

ਸਮੂਹ ਵਿਦਿਆਰਥੀਆਂ ਨੇ ਸਾਰੇ ਤਿਓਹਾਰ ਪਟਾਕਿਆਂ ਰਹਿਤ ਮਨਾਉਣ ਦਾ ਪ੍ਰਣ ਲਿਆ। ਇਸ ਮੌਕੇ ਚੇਅਰਪਰਸਨ ਅਮਰਜੀਤ ਕੌਰ, ਐਮ. ਡੀ. ਵਰਿੰਦਰ ਸਿੰਘ, ਪ੍ਰਿੰਸੀਪਲ ਰਮਨਦੀਪ ਕੌਰ ਤੇ ਸਕੂਲ ਸਟਾਫ ਹਾਜ਼ਰ ਸੀ।

# ਦਿੱਲੀ ਤੋਂ ਚੱਲ ਰਹੀ ਹੈ ਪੰਜਾਬ ਸਰਕਾਰ, ਚਿੱਟਾ ਅਜੇ ਵੀ ਵੱਡੀ ਸਮੱਸਿਆ: ਰਾਹੁਲ ਗਾਂਧੀ

## ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਸਨ ਸਿੱਧੂ ਮੂਸੇਵਾਲਾ : ਰਾਹੁਲ ਗਾਂਧੀ

**ਸੰਗਰੂਰ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ’ਤੇ ਵੱਖ-ਵੱਖ ਮੁੱਦਿਆਂ ’ਤੇ ਤਿੱਖਾ ਹਮਲਾ ਬੋਲਦਿਆਂ ‘ਚਿੱਟੇ’ (ਮਿਲਾਵਟੀ ਹੈਰੋਇਨ) ਨੂੰ ਸੂਬੇ ਦਾ ਇੱਕ ਵੱਡਾ ਮੁੱਦਾ ਕਰਾਰ ਦਿੱਤਾ। ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਚੋਣ ਪ੍ਰਚਾਰ ਦਾ ਬਿਗੁਲ ਵਜਾਉਂਦਿਆਂ ਸੰਗਰੂਰ ਵਿਖੇ ‘ਇਨਸਾਫ਼ ਰੈਲੀ’ ਦੌਰਾਨ ਰਾਹੁਲ ਗਾਂਧੀ ਨੇ ਕਿਹਾ, ਪੰਜਾਬ ਵਿੱਚ ‘ਚਿੱਟਾ’ ਇੱਕ ਬਹੁਤ ਵੱਡਾ ਮੁੱਦਾ ਹੈ।



ਨਸ਼ਿਆਂ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਗਾਂਧੀ ਨੇ ਕਿਹਾ, ਬਹੁਤ ਸਾਲ ਪਹਿਲਾਂ ਮੈਂ ਕਿਹਾ ਸੀ ਕਿ ਪੰਜਾਬ ਵਿੱਚ ਨਸ਼ੇ ਫੈਲ ਰਹੇ ਹਨ। ਉਸ ਸਮੇਂ ਬੀਜੇਪੀ ਅਤੇ ਅਕਾਲੀ ਦਲ ਨੇ ਨਸ਼ਿਆਂ ਦੇ ਖ਼ਤਰੇ ਨੂੰ ਛੋਟਾ ਕਰ ਕੇ ਦਿਖਾਉਂਦਿਆਂ ਕਿਹਾ ਸੀ ਕਿ ਰਾਹੁਲ ਗਾਂਧੀ ਨੂੰ ਪੰਜਾਬ ਬਾਰੇ ਕੁੱਝ ਨਹੀਂ ਪਤਾ। ‘ਆਪ’ ਸਰਕਾਰ ’ਤੇ ਨਿਸ਼ਾਨਾ ਲਾਉਂਦਿਆਂ ਕਾਂਗਰਸੀ ਆਗੂ ਨੇ ਕਿਹਾ, ਲੋਕਾਂ ਨੂੰ ਅਜਿਹੀ ਸਰਕਾਰ ਦੀ ਲੋੜ ਹੈ ਜੋ ਪੰਜਾਬ ਲਈ ਕੰਮ ਕਰੇ। ‘ਆਪ’ ਵਰਗੀ ਸਰਕਾਰ ਦੀ ਲੋੜ ਨਹੀਂ, ਜੋ ਦਿੱਲੀ ਤੋਂ ਚਲਾਈ ਜਾ ਰਹੀ ਹੈ।

ਇਸ ਰੈਲੀ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ, ਸੂਬਾ ਕਾਂਗਰਸ ਪ੍ਰਧਾਨ ਪਰਗਟ ਸਿੰਘ ਅਤੇ ਸੂਬੇ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ, ਵਿਜੇ ਇੰਦਰ ਸਿੰਗਲਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਰਾਜਿੰਦਰ ਕੌਰ ਭੱਠਲ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੌਜੂਦ ਸਨ। - ਪੀ.ਟੀ.ਆਈ

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ’ਤੇ ਪੰਜਾਬ ਦੇ ਕਿਸਾਨਾਂ ਨਾਲ ਧੋਖਾ ਕਰਨ ਅਤੇ ਨਸ਼ਿਆਂ ਦੀ ਸਮੱਸਿਆ ’ਤੇ ਕਾਬੂ ਪਾਉਣ ’ਚ ਨਾਕਾਮ ਰਹਿਣ ਦੇ ਦੋਸ਼ ਲਾਏ ਹਨ। ਸਾਲਾਂ ਪਹਿਲਾਂ ਸੂਬੇ ਵਿੱਚ ਨਸ਼ਿਆਂ ਦਾ ਮੁੱਦਾ ਸਭ ਤੋਂ ਪਹਿਲਾਂ ਚੁੱਕਣ ਦੀ ਗੱਲ ਯਾਦ ਕਰਵਾਉਂਦਿਆਂ ਉਨ੍ਹਾਂ ਕਿਹਾ ਕਿ ਉਸ ਸਮੇਂ ਉਨ੍ਹਾਂ ਦੀ ਗੱਲ ’ਤੇ ਕਿਸੇ ਨੇ ਵਿਸ਼ਵਾਸ ਨਹੀਂ ਕੀਤਾ ਸੀ। ਰਾਹੁਲ ਗਾਂਧੀ ਨੇ ਕਿਹਾ, ਹੁਣ ਆਏ ਦਿਨ ਨਸ਼ਿਆਂ ਨਾਲ ਸਬੰਧਤ ਅਪਰਾਧ ਵਾਪਰ ਰਹੇ ਹਨ ਅਤੇ ਪੰਜਾਬ ਸਰਕਾਰ ਇਸ ਬੁਰਾਈ ’ਤੇ ਠੱਲ੍ਹ ਪਾਉਣ ਵਿੱਚ ਅਸਮਰੱਥ ਸਿੱਧ ਹੋ ਰਹੀ ਹੈ। ‘ਆਪ’ ਇੱਕ ਨਾਕਾਮ ਸਰਕਾਰ ਹੈ ਅਤੇ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਉਣ ਦੇ ਬਾਵਜੂਦ ਇਸ ਦੇ ਲੀਡਰ ਲੋਕਾਂ ਦੀਆਂ ਉਮੀਦਾਂ ’ਤੇ ਖਰੇ ਨਹੀਂ ਉੱਤਰ ਸਕੇ। ਇਸ ਤੋਂ ਇਲਾਵਾ, ਕਾਂਗਰਸ ਨੂੰ ਦੇਸ਼ ਵਿਰੋਧੀ ਕਹਿਣ ਦੇ ਦੋਸ਼ਾਂ ’ਤੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ, ਕਿਸੇ ਵੀ ਥਾਂ ਆਓ, ਮੇਰੇ ਨਾਲ ਬੈਠੋ ਅਤੇ ਇਸ ਮੁੱਦੇ ’ਤੇ ਬਹਿਸ ਕਰੋ।

ਸੰਗਰੂਰ ਵਿਖੇ ਕਾਂਗਰਸ ਦੀ ‘ਇਨਸਾਫ਼ ਰੈਲੀ’ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਜਿਵੇਂ ਹੀ ਆਪਣੇ ਭਾਸ਼ਨ ਦੀ ਸ਼ੁਰੂਆਤ ’ਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਜ਼ਿਕਰ ਕੀਤਾ, ਤਾਂ ਰੈਲੀ ’ਚ ਪੁੱਜੇ ਇਕੱਠ ਨੇ ਤਾੜੀਆਂ ਦੀ ਗੂੰਜ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਰੈਲੀ ਦੌਰਾਨ ਰਾਹੁਲ ਗਾਂਧੀ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਵੀ ਮੰਚ ’ਤੇ ਲੈ ਕੇ ਆਏ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨਸ਼ਿਆਂ ਦੇ ਮੁੱਦੇ ’ਤੇ ‘ਆਪ’ ਸਰਕਾਰ ’ਤੇ ਤਿੱਖੇ ਹਮਲੇ ਕੀਤੇ ਅਤੇ ਕਿਹਾ ਕਿ ਪੰਜਾਬ ’ਚ ‘ਚਿੱਟਾ’ ਅਜੇ ਵੀ ਇੱਕ ਵੱਡੀ ਸਮੱਸਿਆ ਬਣਿਆ ਹੋਇਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਨਿਸ਼ਾਨਾ ਸਾਧਦਿਆਂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦਿੱਲੀ ਤੋਂ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਅਜਿਹੀ ਸਰਕਾਰ ਦੀ ਲੋੜ ਹੈ ਜੋ ਸਿਰਫ਼ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਕੰਮ ਕਰੇ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਰਾਹੁਲ ਗਾਂਧੀ ਨੂੰ ਭਰੋਸਾ ਦਿਵਾਇਆ ਹੈ ਕਿ ਪਾਰਟੀ ਪੰਜਾਬ ਵਿੱਚ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਜਿੱਤ ਯਕੀਨੀ ਬਣਾਉਣ ਲਈ ਕਾਂਗਰਸ ਨੂੰ ਇੱਕਜੁੱਟ ਰਹਿਣ ਦੀ ਲੋੜ ਹੈ। ਇਸ ਦੇ ਨਾਲ ਹੀ ਉਨ੍ਹਾਂ ਆਰਐੱਸਐੱਸ ਅਤੇ ਬੀਜੇਪੀ ’ਤੇ ਸੰਸਥਾਵਾਂ ਅਤੇ ਹੋਰ ਅਦਾਰਿਆਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਾਏ। ਖੜਗੇ ਨੇ ਆਮ ਆਦਮੀ ਪਾਰਟੀ (‘ਆਪ’) ਨੂੰ ਬੀਜੇਪੀ ਦੀ ‘ਬੀ ਟੀਮ’ ਗਰਦਾਨਦਿਆਂ ਦੋਸ਼ ਲਾਇਆ ਕਿ ਜਿੱਥੇ ਵੀ ਕਾਂਗਰਸ ਮਜ਼ਬੂਤ ਹੁੰਦੀ ਦਿਖਾਈ ਦਿੰਦੀ ਹੈ, ‘ਆਪ’ ਉੱਥੇ ਹੀ ਸੰਨ੍ਹ ਲਗਾਉਂਦੀ ਹੈ। ਉਨ੍ਹਾਂ ਕਿਹਾ ਕਿ ‘ਆਪ’ ਕਾਂਗਰਸ ਦੇ ਵੋਟ ਬੈਂਕ ਵਿੱਚ ਸੰਨ੍ਹ ਲਗਾ ਕੇ ਬੀਜੇਪੀ ਦੀ ਜਿੱਤ ਦਾ ਰਸਤਾ ਸਾਫ਼ ਕਰਦੀ ਹੈ। ਕਾਂਗਰਸ ਪ੍ਰਧਾਨ ਨੇ ਅੱਗੇ ਕਿਹਾ ਕਿ ਰਾਹੁਲ ਗਾਂਧੀ ਵਿਰੁੱਧ 24 ਤੋਂ ਵੱਧ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਪੰਜਾਬ ਵਿੱਚ ਗੈਂਗਸਟਰ ਅਤੇ ਅਪਰਾਧੀ ਸ਼ਰੇਆਮ ਬੇਖ਼ੌਫ਼ ਘੁੰਮ ਰਹੇ ਹਨ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜਿਵੇਂ ਹੀ ਬੋਲਣ ਲਈ ਉੱਠੇ, ਉਨ੍ਹਾਂ ਦਾ ਜ਼ੋਰਦਾਰ ਤਾਲੀਆਂ ਨਾਲ ਸਵਾਗਤ ਕੀਤਾ ਗਿਆ। ਆਪਣਾ ਭਾਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਇਕੱਠ ਨੇ ਉਨ੍ਹਾਂ ਦਾ 15 ਸੈਕੰਡ ਤੋਂ ਵੀ ਵੱਧ ਸਮਾਂ ਤਾੜੀਆਂ ਵਜਾ ਕੇ ਸਵਾਗਤ ਕੀਤਾ, ਜਿਸ ਨਾਲ ਉਨ੍ਹਾਂ ਦੇ ਚਿਹਰੇ ’ਤੇ ਮੁਸਕਰਾਹਟ ਆ ਗਈ। ਆਪਣੇ ਸੰਬੋਧਨ ਦੌਰਾਨ ਚੰਨੀ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਨੂੰ ਨਿੱਤ ਦਾ ਸ਼ਰਾਬੀ ਗਰਦਾਨਿਆ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਆਪਣਾ ਬੱਚਾ ਉਸ ਨੂੰ ਨਹੀਂ ਸੌਂਪੇਗਾ, ਪਰ ਲੋਕਾਂ ਨੇ ਤਾਂ ਪੰਜਾਬ ਹੀ ਉਸ ਦੇ ਹਵਾਲੇ ਕਰ ਦਿੱਤਾ।

**‘ਆਪ’ ਨੇ ਲੋਕਾਂ ਦਾ ਭਰੋਸਾ ਤੋੜਿਆ: ਬਾਜਵਾ**

ਬਾਜਵਾ ਨੇ ਦੋਸ਼ ਲਾਇਆ ਕਿ ਪੰਜਾਬ ਦੇ ਲੋਕਾਂ ਨੇ ਵੱਡਾ ਭਰੋਸਾ ਪ੍ਰਗਟ ਕਰਕੇ ਆਮ ਆਦਮੀ ਪਾਰਟੀ ਨੂੰ ਸੱਤਾ ਦੀ ਵਾਗਡੋਰ ਸੌਂਪੀ ਸੀ, ਪਰ ਪਾਰਟੀ ਨੇ ਲੋਕਾਂ ਦੇ ਇਸ ਭਰੋਸੇ ਨੂੰ ਬੁਰੀ ਤਰ੍ਹਾਂ ਤੋੜਿਆ ਹੈ। ਉਨ੍ਹਾਂ ਕਿਹਾ ਕਿ ਇਹੀ ਮੁੱਖ ਕਾਰਨ ਹੈ ਕਿ ਕਾਂਗਰਸ ਨੇ ਆਪਣੀ ‘ਇਨਸਾਫ਼ ਰੈਲੀ’ ਦੀ ਸ਼ੁਰੂਆਤ ਸੰਗਰੂਰ ਤੋਂ ਕਰਨ ਦਾ ਫ਼ੈਸਲਾ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਦੇਸ਼ ਭਰ ਦੇ ਨੌਜਵਾਨ ਅਤੇ ਸਮਾਜ ਦੇ ਸਾਰੇ ਵਰਗ ਬੜੀ ਉਮੀਦ ਨਾਲ ਰਾਹੁਲ ਗਾਂਧੀ ਵੱਲ ਦੇਖ ਰਹੇ ਹਨ। ਬਾਜਵਾ ਨੇ ਪੂਰਾ ਭਰੋਸਾ ਪ੍ਰਗਟਾਇਆ ਕਿ ਸਾਲ 2029 ਵਿੱਚ ਰਾਹੁਲ ਗਾਂਧੀ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਬਣਨਗੇ।

**‘ਆਪ’ ਨੇ ਪੰਜਾਬ ’ਚ ਬਣਾਇਆ ਜੰਗਲ ਰਾਜ: ਪਰਗਟ ਸਿੰਘ**

ਕਾਂਗਰਸੀ ਆਗੂ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ ਤੇ ਨਿਸ਼ਾਨੇ ਸੇਧਦਿਆ ਕਿਹਾ ਕਿ ਪੰਜਾਬ ਪੁਲੀਸ ਨੇ ਸੂਬੇ ਨੂੰ ਪੁਲੀਸ ਸਟੇਟ ਬਣਾ ਦਿਤਾ ਹੈ ਅਤੇ ‘ਆਪ’ ਨੇ ਪੰਜਾਬ ਵਿੱਚ ਜੰਗਲ ਰਾਜ ਬਣਾਇਆ ਹੈ। ਅੱਜ ਸੂਬੇ ਵਿੱਚ ਅਨੇਕਾ ਹੀ ਨੌਜਵਾਨ ਨਸ਼ੇ ਕਾਰਨ ਆਪਣੀ ਜਾਣ ਗੁਆ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਲੀਡਰਸ਼ਿਪ (ਅਰਵਿੰਦ ਕੇਜਰੀਵਾਲ ਅਤੇ ਹੋਰਨਾਂ ਸੀਨੀਅਰ ਆਗੂਆਂ) ਅੱਗੇ ਗੋਡੇ ਟੇਕ ਦਿੱਤੇ।

# ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਦਿੱਤਾ ਦੀਵਾਲੀ ਦਾ ਤੋਹਫ਼ਾ ਮੁੱਖ ਮੰਤਰੀ ਵੱਲੋਂ ਡੀ.ਏ. ਦੀ ਤਿੰਨ ਫ਼ੀਸਦੀ ਕਿਸ਼ਤ ਦੇਣ ਦਾ ਐਲਾਨ

**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਸੂਬੇ ਦੇ 8 ਲੱਖ ਸਰਕਾਰੀ ਮੁਲਾਜ਼ਮਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਮੁਲਾਜ਼ਮਾਂ ਨੂੰ ਡੀ.ਏ. ਦੀ ਤਿੰਨ ਫ਼ੀਸਦੀ ਕਿਸ਼ਤ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਦਸੰਬਰ ਦੀ ਤਨਖ਼ਾਹ ਅਤੇ ਪੈਨਸ਼ਨ ਵਿੱਚ ਇਹ ਵਧਾ ਕੇ ਦਿੱਤਾ ਜਾਵੇਗਾ।



ਇਸ ਫ਼ੈਸਲੇ ਦੇ ਨਾਲ ਹੀ ਸੂਬਾ ਸਰਕਾਰ ਨੇ ਦੋ ਮਹੀਨਿਆਂ ਵਿੱਚ ਮੁਲਾਜ਼ਮਾਂ ਦੇ ਡੀ.ਏ. ਵਿੱਚ 11 ਫ਼ੀਸਦੀ ਦਾ ਵਾਧਾ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਲ 2022 ਵਿੱਚ ਮੁਲਾਜ਼ਮਾਂ ਨੂੰ 28 ਫ਼ੀਸਦ ਡੀ.ਏ. ਦਿੱਤਾ ਜਾਂਦਾ ਸੀ, ਜੋ ਸਾਲ 2026 ਵਿੱਚ ਵੱਧ ਕੇ 53 ਫ਼ੀਸਦ ਹੋ ਗਿਆ ਹੈ। ਇਸ ਨਾਲ ਮੁਲਾਜ਼ਮਾਂ ਨੂੰ ਹਰੇਕ ਮਹੀਨੇ 363 ਕਰੋੜ ਰੁਪਏ ਦਾ ਲਾਭ ਹੋਵੇਗਾ, ਜਦਕਿ ਕੁੱਲ 11 ਫ਼ੀਸਦ ਡੀ.ਏ. ਨਾਲ ਮੁਲਾਜ਼ਮਾਂ ਨੂੰ ਸਾਲਾਨਾ 3988 ਕਰੋੜ ਰੁਪਏ ਦਾ ਲਾਭ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਸੂਬਾ ਸਰਕਾਰ ਦੀਆਂ ਸਕੀਮਾਂ ਤੋਂ ਵਧੇਰੇ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਪੰਜਾਬ ਦਾ ਖ਼ਜ਼ਾਨਾ ਖ਼ਾਲੀ ਹੈ, ਜਦਕਿ ਪੁਰਾਣੀਆਂ ਸਰਕਾਰਾਂ ਨੇ ਹਮੇਸ਼ਾ ਹੀ ਖ਼ਜ਼ਾਨਾ ਖ਼ਾਲੀ ਹੋਣ ਦਾ ਦਾਅਵਾ ਕੀਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੁਣ ਤੱਕ ਸੂਬੇ ਵਿੱਚ 71,777 ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਦਿੱਤੀਆਂ ਹਨ।


ਮੁੱਖ ਮੰਤਰੀ ਨੇ ਤਿੰਨ ਵਿਧਾਇਕਾਂ ਦੇ ਭਾਜਪਾ ਵਿੱਚ ਜਾਣ ’ਤੇ ਕਿਹਾ ਕਿ ਐੱਮ.ਐੱਲ.ਏ. ਬਣਨਾ ਸਿਰਫ਼ ਰਾਜਨੀਤੀ ਨਹੀਂ ਹੈ, ਪਾਰਟੀ ਦੇ ਨਾਲ ਖੜ੍ਹਨਾ ਵੀ ਜ਼ਰੂਰੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਜਾਣ ਵਾਲੇ ਵਿਧਾਇਕਾਂ ਨੂੰ ਪਤਾ ਲੱਗ ਜਾਵੇਗਾ ਕਿ ਭਾਜਪਾ ਵਿੱਚ ਆਗੂਆਂ ਦੀ ਕਿੰਨੀ ਕੁ ਇੱਜ਼ਤ ਹੁੰਦੀ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੀ ਭਾਜਪਾ ਵਿੱਚ ਗਏ ਸਨ, ਜਿਨ੍ਹਾਂ ਨੂੰ ਕਦੇ ਵੀ ਪੁੱਛਿਆ ਨਹੀਂ ਗਿਆ, ਬਲਕਿ ਕੈਪਟਨ ਅਮਰਿੰਦਰ ਸਿੰਘ ਖ਼ੁਦ ਕਹਿ ਰਹੇ ਹਨ ਕਿ ਉਨ੍ਹਾਂ ਤੋਂ ਪਟਿਆਲਾ ਬਾਰੇ ਵੀ ਕੋਈ ਸਲਾਹ ਨਹੀਂ ਲਈ ਜਾਂਦੀ।

ਮੁੱਖ ਮੰਤਰੀ ਨੇ ਸੂਬੇ ਵਿੱਚ ਚੱਲ ਰਹੀ ਈ.ਡੀ. ਦੀ ਛਾਪੇਮਾਰੀ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਈ.ਡੀ. ਅਤੇ ਸੀ.ਬੀ.ਆਈ. ਦੇ ਛਾਪਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਵਿੱਚ ਚੋਣਾਂ ਨਜ਼ਦੀਕ ਆ ਗਈਆਂ ਹਨ, ਕਿਉਂਕਿ ਭਾਜਪਾ ਵੱਲੋਂ ਚੋਣਾਂ ਨਜ਼ਦੀਕ ਆਉਣ ’ਤੇ ਈ.ਡੀ. ਅਤੇ ਸੀ.ਬੀ.ਆਈ. ਦੀ ਛਾਪੇਮਾਰੀ ਵਧਾ ਦਿੱਤੀ ਜਾਂਦੀ ਹੈ। ਹੁਣ ਉਸੇ ਤਰ੍ਹਾਂ ਪੰਜਾਬ ਨੂੰ ਨਿਸ਼ਾਨੇ ’ਤੇ ਲਿਆ ਜਾ ਰਿਹਾ ਹੈ।

# ਪੰਜਾਬ ਦੇ ਮੁੱਖ ਸਕੱਤਰ ਵਿਰੁੱਧ ਤੌਹੀਨ ਕਾਰਵਾਈ ਖ਼ਿਲਾਫ਼ ਪੰਜਾਬ ਸਰਕਾਰ ਦੀ ਅਰਜ਼ੀ ’ਤੇ ਸੁਣਵਾਈ ਕਰੇਗੀ ਸੁਪਰੀਮ ਕੋਰਟ

**ਨਵੀਂ ਦਿੱਲੀ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਇੱਕ ਤਾਜ਼ਾ ਅਰਜ਼ੀ ’ਤੇ ਸੁਣਵਾਈ ਕਰਨ ਲਈ ਸਹਿਮਤੀ ਜਤਾਈ ਹੈ, ਜਿਸ ਵਿੱਚ ਕਰਮਚਾਰੀਆਂ ਦੇ ਬਕਾਇਆ ਮਹਿੰਗਾਈ ਭੱਤੇ (41) ਅਤੇ ਮਹਿੰਗਾਈ ਰਾਹਤ ਦੋਸ਼ਾਂ ਦੇ ਭੁਗਤਾਨ ਨਾਲ ਸਬੰਧਤ ਮਾਮਲੇ ਵਿੱਚ ਪੰਜਾਬ ਦੇ ਮੁੱਖ ਸਕੱਤਰ ਵਿਰੁੱਧ ਫੌਜਦਾਰੀ ਤੌਹੀਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ।



ਚੀਫ਼ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ.ਮੋਹਨਾ ਦੇ ਬੈਂਚ ਨੇ ਪੰਜਾਬ ਸਰਕਾਰ ਦੇ ਵਧੀਕ ਮੁੱਖ ਸਕੱਤਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਵਿਕਾਸ ਸਿੰਘ ਦੀਆਂ ਇਹ ਦਲੀਲਾਂ ਦਾ ਨੋਟਿਸ ਲਿਆ ਕਿ ਮੁੱਖ ਸਕੱਤਰ ਨੂੰ ਲਗਪਗ ਨਿਯਮਤ ਤੌਰ ’ਤੇ ਹਾਈ ਕੋਰਟ ਵਿੱਚ ਪੇਸ਼ ਹੋਣਾ ਪੈ ਰਿਹਾ ਹੈ।

ਸਿੰਘ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਨੂੰ ਪਿਛਲੀ ਸਰਕਾਰ ਤੋਂ ਲਗਪਗ 13,000 ਕਰੋੜ ਰੁਪਏ ਦੇ ਪੁਰਾਣੇ ਬਕਾਏ ਮਿਲੇ ਹਨ। ਚੀਫ਼ ਜਸਟਿਸ ਨੇ ਕਿਹਾ ਕਿ ਅਰਜ਼ੀ ਨੂੰ ਵੀਰਵਾਰ ਨੂੰ ਇੱਕ ਹੋਰ ਬੈਂਚ ਸਾਹਮਣੇ ਸੂਚੀਬੱਧ ਕੀਤਾ ਜਾਵੇਗਾ ਜੋ ਅਜਿਹੀ ਹੀ ਇੱਕ ਹੋਰ ਪਟੀਸ਼ਨ ’ਤੇ ਸੁਣਵਾਈ ਕਰ ਰਿਹਾ ਹੈ। ਹਾਈ ਕੋਰਟ ਦੇ ਇੱਕ ਸਿੰਗਲ-ਜੱਜ ਬੈਂਚ ਨੇ 8 ਅਪਰੈਲ ਨੂੰ ਬਕਾਏ ਦੇ ਭੁਗਤਾਨ ਬਾਰੇ ਲਿਕੁਇਡੇਸ਼ਨ ਪਲਾਨ ਨੂੰ ਰੱਦ ਕਰ ਦਿੱਤਾ ਸੀ ਅਤੇ ਆਈਏਐੱਸ/ਆਈਪੀਐੱਸ/ਆਈਐੱਫਐੱਸ ਅਧਿਕਾਰੀਆਂ ’ਤੇ ਲਾਗੂ ਦਰਾਂ ’ਤੇ 30 ਜੂਨ ਤੱਕ ਸਾਰੇ ਬਕਾਏ/ਬਾਕੀ ਕਿਸ਼ਤਾਂ ਦਾ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਸੀ।

ਵਧੀਕ ਮੁੱਖ ਸਕੱਤਰ ਨੇ ਤਾਜ਼ਾ ਅਰਜ਼ੀ ਵਿੱਚ ਹਾਈ ਕੋਰਟ ਦੇ 12 ਅਕਤੂਬਰ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ ਜਿਸ ਵਿੱਚ ਮੁੱਖ ਸਕੱਤਰ ਨੂੰ ਨੋਟਿਸ ਜਾਰੀ ਕਰਕੇ ਕਾਰਨ ਦੱਸਣ ਲਈ ਕਿਹਾ ਗਿਆ ਸੀ ਕਿ ਉਨ੍ਹਾਂ ਵਿਰੁੱਧ ਫੌਜਦਾਰੀ ਤੌਹੀਨ ਦੀ ਕਾਰਵਾਈ ਕਿਉਂ ਨਾ ਸ਼ੁਰੂ ਕੀਤੀ ਜਾਵੇ। ਇਹ ਨੋਟਿਸ 30 ਅਕਤੂਬਰ ਲਈ ਜਾਰੀ ਕੀਤਾ ਗਿਆ ਸੀ।

ਪਟੀਸ਼ਨ ’ਚ ਕਿਹਾ ਗਿਆ ਹੈ ਕਿ ਹਾਈ ਕੋਰਟ ਦੀ ਕਾਰਵਾਈ ਇੱਕ ਰਿਟ ਪਟੀਸ਼ਨ ਅਤੇ ਲੈਟਰਸ ਪੇਟੈਂਟ ਅਪੀਲ ਵਿੱਚ ਦਾਇਰ ਵਿਭਿੰਨ ਅਰਜ਼ੀਆਂ ਤੋਂ ਸ਼ੁਰੂ ਹੋਈ ਸੀ ਜਿਨ੍ਹਾਂ ਦਾ ਪਹਿਲਾਂ ਹੀ ਅੰਤਿਮ ਨਿਪਟਾਰਾ ਕੀਤਾ ਜਾ ਚੁੱਕਾ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਆਵੇਦਕਾਂ ਨੇ ਅਦਾਲਤ ਦੇ ਪਹਿਲੇ ਫੈਸਲੇ ਦੀ ਕਥਿਤ ਅਣਦੇਖੀ ਲਈ ਕਾਰਵਾਈ ਦੀ ਮੰਗ ਕੀਤੀ ਸੀ, ਜਦੋਂ ਕਿ ਅਸਲ ਪਟੀਸ਼ਨਰ ਪਹਿਲਾਂ ਹੀ ਉਸੇ ਮੁੱਦੇ ’ਤੇ ਵੱਖਰੀ ਸਿਵਲ ਤੌਹੀਨ ਦੀ ਕਾਰਵਾਈ ਸ਼ੁਰੂ ਕਰ ਚੁੱਕੇ ਸਨ।

# ਜਨ ਸਮੱਸਿਆਵਾਂ ਦੀ ਅਣਦੇਖੀ ’ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਐਕਸ਼ਨ ਮੋਡ ਵਿੱਚ, ਗੁਰੂਗ੍ਰਾਮ ਵਿੱਚ ਵੱਖ-ਵੱਖ ਅਧਿਕਾਰੀਆਂ ਵਿਰੁੱਧ ਕੀਤੀ ਕਾਰਵਾਈ

**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 2,000 ਕਰੋੜ ਰੁਪਏ ਤੋਂ ਵੱਧ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਤਹਿਤ ਦਸੰਬਰ 2027 ਦੇ ਅੰਤ ਤੱਕ 400 ਤੋਂ ਵੱਧ ਸਰਕਾਰੀ ਸਕੂਲਾਂ ਨੂੰ ਨਵੀਆਂ ਇਮਾਰਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਸਰਕਾਰ ਦਾ ਯਤਨ ਹੈ ਕਿ ਵਿਦਿਆਰਥੀਆਂ ਨੂੰ ਬਿਹਤਰ ਵਿੱਦਿਅਕ ਮਾਹੌਲ ਅਤੇ ਆਧੁਨਿਕ ਸਹੂਲਤਾਂ ਮਿਲਣ। ਮੁੱਖ ਮੰਤਰੀ ਨੇ ਇਹ ਜਾਣਕਾਰੀ ਬੁੱਧਵਾਰ ਨੂੰ ਗੁਰੂਗ੍ਰਾਮ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਦੌਰਾਨ ਇੱਕ ਸਕੂਲ ਦੀ ਇਮਾਰਤ ਦੇ ਨਵੀਨੀਕਰਨ ਨਾਲ ਸਬੰਧਤ ਸ਼ਿਕਾਇਤ ਦੀ ਸੁਣਵਾਈ ਕਰਦਿਆਂ ਦਿੱਤੀ।

ਮੀਟਿੰਗ ਵਿੱਚ ਸੁਣਵਾਈ ਲਈ ਕੁੱਲ 15 ਸ਼ਿਕਾਇਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿੱਚੋਂ ਮੁੱਖ ਮੰਤਰੀ ਨੇ 11 ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ, ਜਦੋਂਕਿ ਬਾਕੀ 4 ਮਾਮਲਿਆਂ ਨੂੰ ਅਗਲੀ ਮੀਟਿੰਗ ਤੱਕ ਪੈਂਡਿੰਗ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਮਾਮਲਿਆਂ ਵਿੱਚ ਕੀਤੀ ਗਈ ਕਾਰਵਾਈ ਦੀ ਸਟੇਟਸ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਕਿਹਾ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਦੀ ਵਿਧਾਇਕਾ ਸ੍ਰੀਮਤੀ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਸ੍ਰੀ ਤੇਜਪਾਲ ਤੰਵਰ ਅਤੇ ਗੁਰੂਗ੍ਰਾਮ ਦੇ ਵਿਧਾਇਕ ਸ੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ ’ਤੇ ਹੱਲ ਕਰਨਾ ਅਤੇ ਉਨ੍ਹਾਂ ਨੂੰ ਨਿਰਧਾਰਤ ਸਮਾਂ-ਸੀਮਾ ਅੰਦਰ ਬਿਹਤਰ, ਸੁਖਾਲੀਆਂ ਅਤੇ ਮਿਆਰੀ ਸਹੂਲਤਾਂ ਮੁਹੱਈਆ ਕਰਵਾਉਣਾ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਸਰਕਾਰ ਦਾ ਸੰਕਲਪ ਹੈ ਕਿ ਹਰੇਕ ਨਾਗਰਿਕ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਉਸ ਦਾ ਤੁਰੰਤ ਅਤੇ ਪ੍ਰਭਾਵੀ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਨਗਰ ਪਰਿਸ਼ਦ ਪਟੌਦੀ-ਜਟੌਲੀ ਮੰਡੀ ਖੇਤਰ ਨਾਲ ਸਬੰਧਤ ਇੱਕ ਸ਼ਿਕਾਇਤ ਦੀ ਸੁਣਵਾਈ ਕਰਦਿਆਂ ਗਲਤ ਤਰੀਕੇ ਨਾਲ ਪ੍ਰਾਪਰਟੀ ਆਈਡੀ ਬਣਾਉਣ ਅਤੇ ਨਿਰਧਾਰਤ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਅਣਦੇਖੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ।

ਜਾਂਚ ਵਿੱਚ ਸਾਹਮਣੇ ਆਇਆ ਕਿ ਤਤਕਾਲੀ ਬਿਲਡਿੰਗ ਇੰਸਪੈਕਟਰ ਅਤੇ ਮਿਊਂਸਪਲ ਇੰਜੀਨੀਅਰ ਨੇ ਸਮਰੱਥ ਅਧਿਕਾਰੀ ਦੀ ਪਹਿਲਾਂ ਤੋਂ ਮਨਜ਼ੂਰੀ ਲਏ ਬਿਨਾਂ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਕੀਤੇ ਬਗੈਰ ਪ੍ਰਾਪਰਟੀ ਆਈਡੀ ਬਣਾਈਆਂ ਸਨ। ਡਿਊਟੀ ਵਿੱਚ ਗੰਭੀਰ ਲਾਪਰਵਾਹੀ ਵਰਤਣ ’ਤੇ ਮੁੱਖ ਮੰਤਰੀ ਨੇ ਦੋਵਾਂ ਅਧਿਕਾਰੀਆਂ ਦੀ ਤਿੰਨ ਮਹੀਨਿਆਂ ਤੱਕ 50 ਫ਼ੀਸਦੀ ਤਨਖ਼ਾਹ ਕੱਟਣ, ਉਨ੍ਹਾਂ ਨੂੰ ਚਾਰਜਸ਼ੀਟ ਕਰਨ ਅਤੇ ਹਰਿਆਣਾ ਦੇ ਐਨਸੀਆਰ ਜ਼ਿਲ੍ਹਿਆਂ ਤੋਂ ਬਾਹਰ ਤਬਾਦਲਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰੀ ਕੰਮਾਂ ਵਿੱਚ ਲਾਪਰਵਾਹੀ ਅਤੇ ਨਿਯਮਾਂ ਦੀ ਅਣਦੇਖੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਆਮ ਲੋਕਾਂ ਦੇ ਹਿੱਤਾਂ ਨਾਲ ਜੁੜੇ ਮਾਮਲਿਆਂ ਵਿੱਚ ਅਧਿਕਾਰੀਆਂ ਦੀ ਜਵਾਬਦੇਹੀ ਯਕੀਨੀ ਬਣਾਉਣੀ ਲਾਜ਼ਮੀ ਹੈ।

# ਮਾਨ ਸਰਕਾਰ ਨੇ 1,325 ਕਰੋੜ ਰੁਪਏ ਨਾਲ ਕਿਸਾਨਾਂ ਨੂੰ ਉਪਲੱਬਧ ਕਰਵਾਈਆਂ 94,456 ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ: ਗੁਰਮੀਤ ਖੁੱਡੀਆਂ

**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਾਲੀ ਪ੍ਰਬੰਧਨ ਦੀ ਦਿਸ਼ਾ ਵਿੱਚ ਕੀਤੇ ਜਾ ਰਹੇ ਯਤਨਾਂ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ 1325.35 ਕਰੋੜ ਰੁਪਏ ਦਾ ਵੱਡਾ ਨਿਵੇਸ਼ ਕੀਤਾ ਹੈ, ਜਿਸ ਬਦੌਲਤ ਹੁਣ ਸੂਬੇ ਵਿੱਚ 94,456 ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐੱਮ.) ਮਸ਼ੀਨਾਂ ਉਪਲਬਧ ਹਨ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 90 ਫ਼ੀਸਦੀ ਕਮੀ ਆਈ ਹੈ—ਜੋ ਸਾਲ 2022 ਵਿੱਚ 49,922 ਮਾਮਲਿਆਂ ਤੋਂ ਘਟ ਕੇ ਸਾਲ 2025 ਵਿੱਚ ਮਹਿਜ਼ 5,114 ਰਹਿ ਗਈਆਂ।



ਪਿਛਲੇ ਤਕਰੀਬਨ ਸਾਢੇ ਚਾਰ ਸਾਲਾਂ ਦੇ ਅੰਕੜੇ ਜਾਰੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਰਕਾਰ ਇਸ ਮੁਹਿੰਮ ਵਿੱਚ ਕੋਈ ਢਿੱਲ ਨਹੀਂ ਵਰਤ ਰਹੀ। ਸਾਲ 2026-27 ਦੇ ਸੀਜ਼ਨ ਲਈ ਕਿਸਾਨਾਂ ਨੇ ਲਗਭਗ 201 ਕਰੋੜ ਰੁਪਏ ਦੀ ਸਬਸਿਡੀ ਦਾ ਲਾਭ ਲੈਂਦਿਆਂ 22,763 ਸੀ.ਆਰ.ਐੱਮ. ਮਸ਼ੀਨਾਂ ਖ਼ਰੀਦ ਲਈਆਂ ਹਨ, ਜਿਸ ਨਾਲ ਪੰਜਾਬ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਪਿਛਲੇ ਸਾਲ ਦੌਰਾਨ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਗਈਆਂ 13,147 ਮਸ਼ੀਨਾਂ ਦੇ ਮੁਕਾਬਲੇ 67 ਫ਼ੀਸਦੀ ਦੇ ਵੱਡੇ ਵਾਧੇ ਨੂੰ ਦਰਸਾਉਂਦਾ ਹੈ। ਸ. ਖੁੱਡੀਆਂ ਨੇ ਕਿਹਾ, ਮੁੱਖ ਮੰਤਰੀ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਵਿੱਤੀ ਤੰਗੀ ਕਾਰਨ ਕੋਈ ਵੀ ਕਿਸਾਨ ਵਾਤਾਵਰਣ-ਪੱਖੀ ਖੇਤੀ ਢੰਗ ਅਪਣਾਉਣ ਤੋਂ ਪਿੱਛੇ ਨਾ ਰਹੇ।

ਉਨ੍ਹਾਂ ਕਿਹਾ ਕਿ ਸਾਲ 2022-23 ਤੋਂ ਹੁਣ ਤੱਕ 1325 ਕਰੋੜ ਰੁਪਏ ਤੋਂ ਵੱਧ ਦੇ ਖ਼ਰਚ ਨਾਲ 94,000 ਤੋਂ ਵੱਧ ਸੀ.ਆਰ.ਐੱਮ. ਮਸ਼ੀਨਾਂ ਮੁਹੱਈਆ ਕਰਵਾਉਣਾ ਪੰਜਾਬ ਦੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਅਤੇ ਸਾਫ਼ ਤੇ ਸਵੱਛ ਵਾਤਾਵਰਣ ਪ੍ਰਤੀ ਸਾਡੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦੇ ਟਿਕਾਣਿਆਂ ’ਤੇ ਈ.ਡੀ. ਵਲੋਂ ਛਾਪੇਮਾਰੀ



**ਮੋਗਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀਆਂ ਟੀਮਾਂ ਨੇ ਬੁੱਧਵਾਰ ਸਵੇਰੇ ਕਰੀਬ 6 ਵਜੇ ਮੋਗਾ ਤੋਂ ਆਮ ਆਦਮੀ ਪਾਰਟੀ (ਆਪ) ਦੀ ਵਿਧਾਇਕਾ ਅਤੇ ਪਾਰਟੀ ਦੇ ਪੰਜਾਬ ਮਹਿਲਾ ਵਿੰਗ ਦੀ ਪ੍ਰਧਾਨ ਡਾ. ਅਮਨਦੀਪ ਕੌਰ ਅਰੋੜਾ ਦੇ ਦੋਵਾਂ ਨਿਵਾਸ ਅਸਥਾਨਾਂ ’ਤੇ ਛਾਪਾ ਮਾਰਿਆ। ਇਹ ਕਾਰਵਾਈ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਸਾਹਮਣੇ ਆਈ ਹੈ, ਜਿਨ੍ਹਾਂ ਲਈ ‘ਆਪ’ ਪਹਿਲਾਂ ਹੀ ਮੋਗਾ ਹਲਕੇ ਤੋਂ ਡਾ. ਅਰੋੜਾ ਨੂੰ ਮੁੜ ਆਪਣਾ ਉਮੀਦਵਾਰ ਐਲਾਨ ਚੁੱਕੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਈਡੀ ਦੀ ਦਿੱਲੀ ਅਤੇ ਚੰਡੀਗੜ੍ਹ ਯੂਨਿਟ ਨਾਲ ਸਬੰਧਤ ਟੀਮਾਂ ਤੜਕੇ ਹੀ ਵਿਧਾਇਕਾ ਦੇ ਦੋਵਾਂ ਟਿਕਾਣਿਆਂ ’ਤੇ ਪਹੁੰਚ ਗਈਆਂ। ਇਸ ਤੋਂ ਇਲਾਵਾ ਲਾਗਲੇ ਹਲਕੇ ਬਾਘਾਪੁਰਾਣਾ ਅਤੇ ਪਟਿਆਲਾ ਨਜ਼ਦੀਕ ਡਾ.ਅਮਨਦੀਪ ਕੌਰ ਦੇ ਪੇਕੇ ਪਿੰਡ ਚੰਦੂਮਾਜਰਾ ਵਿੱਖੇ ਵੀ ਈਡੀ ਦੀਆਂ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਛਾਪੇਮਾਰੀ ਦੌਰਾਨ ਵਿਧਾਇਕਾ ਆਪਣੇ ਘਰ ਵਿੱਚ ਹੀ ਮੌਜੂਦ ਸਨ ਅਤੇ ਜਾਂਚ ਅਧਿਕਾਰੀਆਂ ਵੱਲੋਂ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਕਾਰਵਾਈ ਦੀ ਖ਼ਬਰ ਮਿਲਦਿਆਂ ਹੀ ਵੱਡੀ ਗਿਣਤੀ ਵਿੱਚ ‘ਆਪ’ ਵਰਕਰ ਅਤੇ ਸਮਰਥਕ ਮੌਕੇ ’ਤੇ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਕੇਂਦਰੀ ਜਾਂਚ ਏਜੰਸੀ ਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਮਗਰੋਂ ਸੁਰੱਖਿਆ ਬਲਾਂ ਨੇ ਪੂਰੇ ਇਲਾਕੇ ਨੂੰ ਘੇਰਾ ਪਾ ਲਿਆ। ਖ਼ਬਰ ਲਿਖੇ ਜਾਣ ਤੱਕ ਦੋਵਾਂ ਰਿਹਾਇਸ਼ਾਂ ’ਤੇ ਤਲਾਸ਼ੀ ਮੁਹਿੰਮ ਜਾਰੀ ਸੀ। ਫ਼ਿਲਹਾਲ ਈਡੀ ਵੱਲੋਂ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਇਹ ਛਾਪਾ ਕਿਸ ਮਾਮਲੇ ਤਹਿਤ ਮਾਰਿਆ ਗਿਆ ਹੈ ਅਤੇ ਨਾ ਹੀ ਵਿਧਾਇਕਾ ਦੇ ਪਰਿਵਾਰ ਨੇ ਕੋਈ ਰਸਮੀ ਬਿਆਨ ਦਿੱਤਾ ਹੈ।

ਦੂਜੇ ਪਾਸੇ, ਵਿਧਾਇਕਾ ਦੇ ਨਜ਼ਦੀਕੀਆਂ ਨੇ ਦੋਸ਼ ਲਾਇਆ ਹੈ ਕਿ ਜਲਾਲਾਬਾਦ ਦੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦੀ ਤਰਜ਼ ’ਤੇ ਡਾ. ਅਰੋੜਾ ਉੱਤੇ ਭਾਜਪਾ ਜਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਲਈ ਦਬਾਅ ਬਣਾਉਣ ਦੇ ਮਕਸਦ ਨਾਲ ਇਹ ਕਾਰਵਾਈ ਕੀਤੀ ਗਈ ਹੈ। ਵਿਧਾਇਕਾ ਦੇ ਕਰੀਬੀ ਜਗਦੇਵ ਸਿੰਘ ਨੇ ਦੋਸ਼ ਲਾਇਆ ਕਿ ਅਕਾਲੀ ਦਲ ਅਤੇ ਭਾਜਪਾ ਕੋਲ ਸਾਂਝੇ ਜਾਂ ਵੱਖਰੇ ਤੌਰ ’ਤੇ ਮੋਗਾ ਹਲਕੇ ਵਿੱਚ ਚੋਣ ਲੜਾਉਣ ਲਈ ਕੋਈ ਮਜ਼ਬੂਤ ਉਮੀਦਵਾਰ ਨਹੀਂ ਹੈ। ਸਥਾਨਕ ਪਾਰਟੀ ਆਗੂਆਂ ਨੇ ਵੀ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਕਾਰਵਾਈ ਦੱਸਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਡਾ. ਅਰੋੜਾ ਦੇ ਇੱਕ ਸਾਬਕਾ ਸਹਿਯੋਗੀ ਵੱਲੋਂ ਵਿੱਤੀ ਬੇਨਿਯਮੀਆਂ ਦੇ ਦੋਸ਼ ਲਾਏ ਜਾਣ ਕਾਰਨ ਉਨ੍ਹਾਂ ਦਾ ਕਾਰਜਕਾਲ ਚਰਚਾ ਵਿੱਚ ਰਿਹਾ ਸੀ, ਹਾਲਾਂਕਿ ਵਿਧਾਇਕਾ ਨੇ ਇਨ੍ਹਾਂ ਦੋਸ਼ਾਂ ਨੂੰ ਸਿਆਸੀ ਵਿਰੋਧੀਆਂ ਦੀ ਸਾਜ਼ਿਸ਼ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਸੀ। ਈਡੀ ਵੱਲੋਂ ਅਜੇ ਤੱਕ ਇਹ ਸੰਕੇਤ ਨਹੀਂ ਦਿੱਤਾ ਗਿਆ ਕਿ ਅੱਜ ਦੀ ਛਾਪੇਮਾਰੀ ਉਨ੍ਹਾਂ ਦੋਸ਼ਾਂ ਨਾਲ ਜੁੜੀ ਹੈ ਜਾਂ ਕਿਸੇ ਨਵੇਂ ਮਾਮਲੇ ਤਹਿਤ ਕੀਤੀ ਗਈ ਹੈ। ਮਾਮਲੇ ਦੀਆਂ ਹੋਰ ਤਫ਼ਸੀਲਾਂ ਦੀ ਉਡੀਕ ਕੀਤੀ ਜਾ ਰਹੀ ਹੈ।

# ਵੱਖ-ਵੱਖ ਮਾਮਲਿਆਂ ਵਿੱਚ 23.5 ਕਿਲੋ ਹੈਰੋਇਨ ਸਮੇਤ ਚਾਰ ਗ੍ਰਿਫ਼ਤਾਰ

**ਅੰਮ੍ਰਿਤਸਰ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਪਿਛਲੇ 24 ਘੰਟਿਆਂ ਦੌਰਾਨ ਸਰਹੱਦੀ ਪੱਟੀ ਵਿੱਚ ਤਿੰਨ ਵੱਖ-ਵੱਖ ਕਾਰਵਾਈਆਂ ਕਰਦਿਆਂ ਚਾਰ ਕਥਿਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ 23.5 ਕਿਲੋ ਹੈਰੋਇਨ ਅਤੇ ਇੱਕ ਪਿਸਤੌਲ ਬਰਾਮਦ ਕੀਤਾ ਹੈ।

ਪੁਲੀਸ ਨੇ ਪੱਕੀ ਖੁਫ਼ੀਆ ਜਾਣਕਾਰੀ ਦੇ ਆਧਾਰ ’ਤੇ ਬੀਐੱਸਐੱਫ ਦੇ ਇੰਟੈਲੀਜੈਂਸ ਵਿੰਗ ਨਾਲ ਤਾਲਮੇਲ ਕਰਦਿਆਂ ਥਾਣਾ ਲੋਪੋਕੇ ਦੀ ਪੁਲੀਸ ਨੇ ਪਿੰਡ ਲੋਧੀ ਗੁੱਜਰ ਦੇ ਵਸਨੀਕ ਸੁਖਮਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਉਸ ਦੇ ਕਬਜ਼ੇ ਵਿੱਚੋਂ 13 ਕਿਲੋ ਹੈਰੋਇਨ ਅਤੇ ਇੱਕ ਪਿਸਤੌਲ ਸਮੇਤ ਮੈਗਜ਼ੀਨ ਬਰਾਮਦ ਹੋਇਆ। ਇਹ ਨਸ਼ੀਲਾ ਪਦਾਰਥ ਅਤੇ ਪਿਸਤੌਲ ਪਾਕਿਸਤਾਨ ਤੋਂ ਡਰੋਨ ਰਾਹੀਂ ਸੁੱਟਿਆ ਗਿਆ ਸੀ। ਪੁਲੀਸ ਅਨੁਸਾਰ ਮੁਲਜ਼ਮ ਪਾਕਿਸਤਾਨੀ ਤਸਕਰਾਂ ਤੋਂ ਹੈਰੋਇਨ ਤੇ ਹਥਿਆਰ ਪ੍ਰਾਪਤ ਕਰ ਕੇ ਅੱਗੇ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਦਾ ਸੀ। ਪੁਲੀਸ ਅਤੇ ਬੀਐੱਸਐੱਫ ਨੇ ਸੈਦਪੁਰ ਨੇੜੇ ਨਾਕਾ ਲਗਾ ਕੇ ਉਸ ਨੂੰ ਕਾਬੂ ਕੀਤਾ।

ਦੂਜੀ ਕਾਰਵਾਈ ਵਿੱਚ, ਘਰਿੰਡਾ ਪੁਲੀਸ ਨੇ ਦੋ ਕਥਿਤ ਨਸ਼ਾ ਤਸਕਰਾਂ ਗੁਰਚਰਨ ਸਿੰਘ ਉਰਫ਼ ਬਖਸ਼ੀਸ਼ ਸਿੰਘ ਅਤੇ ਬਿਕਰਮਜੀਤ ਸਿੰਘ (ਦੋਵੇਂ ਵਾਸੀ ਪੰਜਵੜ, ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ) ਨੂੰ ਗ੍ਰਿਫ਼ਤਾਰ ਕਰ ਕੇ 10 ਕਿਲੋ ਹੈਰੋਇਨ ਜ਼ਬਤ ਕੀਤੀ। ਪੁਲੀਸ ਟੀਮ ਸਰਕਾਰੀ ਬਾਗਬਾਨੀ ਨਰਸਰੀ ਨੇੜੇ ਮੌਜੂਦ ਸੀ, ਜਦੋਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਮੋਟਰਸਾਈਕਲ ’ਤੇ ਜੀਟੀ ਰੋਡ ਵੱਲ ਖੇਪ ਪਹੁੰਚਾਉਣ ਜਾ ਰਹੇ ਹਨ। ਇਸ ’ਤੇ ਪੁਲੀਸ ਨੇ ਨਾਕਾਬੰਦੀ ਕਰ ਕੇ ਦੋਵਾਂ ਨੂੰ ਦਬੋਚ ਲਿਆ।

ਇੱਕ ਹੋਰ ਘਟਨਾ ਵਿੱਚ, ਘਰਿੰਡਾ ਪੁਲੀਸ ਨੇ ਅਟਾਰੀ ਦੇ ਵਾਲਮੀਕਿ ਮੁਹੱਲੇ ਦੇ ਰਹਿਣ ਵਾਲੇ ਰਾਹੁਲ ਸਿੰਘ ਉਰਫ਼ ਢੋਲਾ ਨੂੰ ਗ੍ਰਿਫ਼ਤਾਰ ਕਰ ਕੇ ਉਸ ਤੋਂ 500 ਗ੍ਰਾਮ ਹੈਰੋਇਨ ਬਰਾਮਦ ਕੀਤੀ। ਮੁਲਜ਼ਮ ਨੇ ਅਟਾਰੀ ਬਾਈਪਾਸ ਨੇੜੇ ਗਸ਼ਤ ਕਰਦੀ ਪੁਲੀਸ ਨੂੰ ਦੇਖ ਕੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਜੀਨਸ ਦੀ ਜੇਬ ਵਿੱਚੋਂ ਲਿਫ਼ਾਫ਼ਾ ਸੁੱਟਣ ਲੱਗਾ, ਪਰ ਪੁਲੀਸ ਨੇ ਉਸ ਨੂੰ ਮੌਕੇ ’ਤੇ ਹੀ ਫੜ ਲਿਆ।

ਅੰਮ੍ਰਿਤਸਰ ਪੁਲੀਸ ਨੇ ਐਨਡੀਪੀਐੱਸ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਤਿੰਨ ਵੱਖ-ਵੱਖ ਐੱਫਆਈਆਰ ਦਰਜ ਕੀਤੀਆਂ ਹਨ। ਫੜੇ ਗਏ ਮੁਲਜ਼ਮਾਂ ਦੇ ਸਾਥੀਆਂ ਦੀ ਪਛਾਣ ਕਰਨ ਅਤੇ ਪਾਕਿਸਤਾਨੀ ਤਸਕਰਾਂ ਨਾਲ ਸਬੰਧਾਂ ਦਾ ਪਤਾ ਲਗਾਉਣ ਲਈ ਅੱਗੇ ਜਾਂਚ ਜਾਰੀ ਹੈ।

# ਚੰਦੂਮਾਜਰਾ ਨੇ ਅਕਾਲੀ ਦਲ ਪੁਨਰ ਸੁਰਜੀਤ ਤੋਂ ਦਿੱਤਾ ਅਸਤੀਫ਼ਾ, ਛੱਡੀ ਪਾਰਟੀ

**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਸਿਆਸਤ ਨਾਲ ਜੁੜੀ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਸ਼੍ਰੋਮਣੀ ਅਕਾਲੀ ਸਿਆਸਤ ਦੇ ਸੀਨੀਅਰ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਅਕਾਲੀ ਦਲ ਪੁਨਰ ਸੁਰਜੀਤ ਤੋਂ ਵੱਖ ਹੋਣ ਦਾ ਐਲਾਨ ਕਰਦਿਆਂ ਹੋਇਆ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਇਹ ਫੈਸਲਾ ਪੰਥਕ ਏਕਤਾ ਦੇ ਮੁੱਦੇ ’ਤੇ ਵਿਚਾਰਾਂ ਅਤੇ ਕਾਰਜਸ਼ੈਲੀ ਵਿੱਚ ਸਹਿਮਤੀ ਨਾ ਬਣਨ ਦੇ ਮੱਦੇਨਜ਼ਰ ਲਿਆ ਹੈ।



ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿੱਚ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਅਤੇ ਪੰਥ ਦੇ ਹਿੱਤਾਂ ਦੀ ਰਾਖੀ ਲਈ ਸਮੂਹ ਅਕਾਲੀ ਅਤੇ ਪੰਥਕ ਧਿਰਾਂ ਦਾ ਇੱਕ ਸਾਂਝੇ ਮੰਚ ’ਤੇ ਇਕੱਠੇ ਹੋਣਾ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਪੰਜਾਬ ਦੇ ਹੱਕਾਂ, ਪੰਥਕ ਮਸਲਿਆਂ ਅਤੇ ਪੰਜਾਬੀਅਤ ਦੀ ਰਾਖੀ ਲਈ ਸਾਰੀਆਂ ਧਿਰਾਂ ਨੂੰ ਆਪਸੀ ਮਤਭੇਦ ਭੁਲਾ ਕੇ ਸਾਂਝੀ ਰਣਨੀਤੀ ਅਪਣਾਉਣੀ ਚਾਹੀਦੀ ਹੈ।

ਉਨ੍ਹਾਂ ਆਪਣੇ ਬਿਆਨ ਵਿੱਚ ਕਿਹਾ ਕਿ ਪੰਥਕ ਏਕਤਾ ਲਈ ਉਨ੍ਹਾਂ ਵੱਲੋਂ ਕੀਤੀ ਗਈ ਅਪੀਲ ’ਤੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜਨਤਕ ਤੌਰ ’ਤੇ ਦਿੱਤੇ ਗਏ ਪ੍ਰਤੀਕਰਮ ਤੋਂ ਇਹ ਮਹਿਸੂਸ ਹੋਇਆ ਕਿ ਦੋਵਾਂ ਦੀ ਸੋਚ, ਵਿਚਾਰਧਾਰਾ ਅਤੇ ਕੰਮ ਕਰਨ ਦੇ ਢੰਗ ਵਿੱਚ ਆਪਸੀ ਤਾਲਮੇਲ ਨਹੀਂ ਹੈ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਅਕਾਲੀ ਦਲ ਪੁਨਰ ਸੁਰਜੀਤ ਤੋਂ ਵੱਖ ਹੋਣ ਦਾ ਫੈਸਲਾ ਕੀਤਾ ਹੈ।

ਪ੍ਰੋ. ਚੰਦੂਮਾਜਰਾ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਪੁਨਰ ਸੁਰਜੀਤ ਤੋਂ ਵੱਖ ਹੋਣ ਦੇ ਬਾਵਜੂਦ ਪੰਥ, ਪੰਜਾਬ, ਪੰਜਾਬੀਅਤ ਅਤੇ ਸੂਬੇ ਦੇ ਹੱਕਾਂ ਦੀ ਰਾਖੀ ਲਈ ਉਨ੍ਹਾਂ ਦੀ ਵਚਨਬੱਧਤਾ ਪਹਿਲਾਂ ਵਾਂਗ ਹੀ ਬਰਕਰਾਰ ਰਹੇਗੀ। ਉਨ੍ਹਾਂ ਦੇ ਇਸ ਫੈਸਲੇ ਨੂੰ ਪੰਜਾਬ ਦੀ ਅਕਾਲੀ ਸਿਆਸਤ ਵਿੱਚ ਇੱਕ ਅਹਿਮ ਘਟਨਾਕ੍ਰਮ ਵਜੋਂ ਦੇਖਿਆ ਜਾ ਰਿਹਾ ਹੈ। ਹੁਣ ਸਿਆਸੀ ਹਲਕਿਆਂ ਦੀਆਂ ਨਜ਼ਰਾਂ ਇਸ ਗੱਲ ’ਤੇ ਟਿਕੀਆਂ ਹਨ ਕਿ ਆਉਣ ਵਾਲੇ ਸਮੇਂ ਵਿੱਚ ਪੰਥਕ ਏਕਤਾ ਨੂੰ ਲੈ ਕੇ ਅਗਲਾ ਸਿਆਸੀ ਰੁਖ਼ ਕੀ ਹੋਵੇਗਾ?

# ਅਗਨੀਵੀਰਾਂ ਲਈ ਸਰਕਾਰ ਨੇ ਵਧਾਇਆ 2 ਸਾਲ ਦਾ ਕਾਰਜਕਾਲ; ਫੌਜ ’ਚ ਪੱਕੇ ਹੋਣ ਦਾ ਮਿਲੇਗਾ ਮੌਕਾ

## ਦਸੰਬਰ ਤੱਕ 4 ਸਾਲਾ ਠੇਕਾ ਪੂਰਾ ਕਰ ਕੇ ਸੇਵਾਮੁਕਤ ਹੋਣ ਵਾਲੇ 18,300 ਤੋਂ ਵੱਧ ਜਵਾਨਾਂ ਨੂੰ ਮਿਲੇਗਾ ਸਿੱਧਾ ਲਾਭ

**ਨਵੀਂ ਦਿੱਲੀ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਹਥਿਆਰਬੰਦ ਫੌਜਾਂ ਵਿੱਚ ਜਵਾਨਾਂ ਦੀ ਭਰਤੀ ਲਈ ਚੱਲ ਰਹੀ ’ਅਗਨੀਪਥ’ ਸਕੀਮ ਵਿੱਚ ਵੱਡਾ ਫੇਰਬਦਲ ਕਰਦਿਆਂ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਐੱਨ.ਐੱਸ. ਰਾਜਾ ਸੁਬਰਾਮਣੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਇਸੇ ਸਾਲ ਦਸੰਬਰ ਵਿੱਚ ਆਪਣਾ ਚਾਰ ਸਾਲਾ ਕਾਰਜਕਾਲ ਪੂਰਾ ਕਰਨ ਵਾਲੇ ਸਾਰੇ ’ਅਗਨੀਵੀਰਾਂ’ ਦੀਆਂ ਸੇਵਾਵਾਂ ਵਿੱਚ ਦੋ ਸਾਲ ਦਾ ਵਾਧਾ ਕੀਤਾ ਜਾਵੇਗਾ।



ਸੀਡੀਐੱਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਕੈਬਨਿਟ ਦੀ ਬੈਠਕ ’ਚ ਲਏ ਗਏ ਫੈਸਲੇ ਦੀ ਜਾਣਕਾਰੀ ਦੇ ਰਹੇ ਸਨ। ਉਨ੍ਹਾਂ ਦੱਸਿਆ ਕਿ ਮੌਜੂਦਾ ਨੀਤੀ ਅਨੁਸਾਰ ਚਾਰ ਸਾਲ ਪਹਿਲਾਂ ਠੇਕੇ ’ਤੇ ਲਏ ਗਏ ਜਵਾਨਾਂ ਵਿੱਚੋਂ 25 ਫੀਸਦੀ ਨੂੰ ਹਥਿਆਰਬੰਦ ਫੌਜਾਂ ਵਿੱਚ ਪੱਕੇ ਤੌਰ ’ਤੇ ਸ਼ਾਮਲ (ਰੈਗੂਲਰ) ਕੀਤਾ ਜਾਣਾ ਸੀ।

ਜਨਰਲ ਸੁਬਰਾਮਣੀ ਨੇ ਦੱਸਿਆ ਕਿ ਅੱਜ ਐਲਾਨੇ ਗਏ ਬਦਲਾਅ ਬਾਕੀ ਰਹਿੰਦੇ 75 ਫੀਸਦੀ ਜਵਾਨਾਂ ’ਤੇ ਲਾਗੂ ਹੋਣਗੇ, ਜਿਨ੍ਹਾਂ ਨੇ ਦਸੰਬਰ ਵਿੱਚ ਫੌਜ ਤੋਂ ਬਾਹਰ ਹੋਣਾ ਸੀ। ਇਨ੍ਹਾਂ ਬਾਹਰ ਜਾਣ ਵਾਲੇ ਜਵਾਨਾਂ ਨੂੰ ਦੋ ਸਾਲਾਂ ਦੀ ਦੂਜੀ ਸੇਵਾ ਅਵਧੀ ਦਿੱਤੀ ਜਾਵੇਗੀ।

ਜਨਰਲ ਸੁਬਰਾਮਣੀ ਨੇ ਅੱਗੇ ਕਿਹਾ, ਜਿਵੇਂ ਹੀ ਇਹ ਦੋ ਸਾਲਾਂ ਦੀ ਮਿਆਦ ਖ਼ਤਮ ਹੋਵੇਗੀ, ਇਨ੍ਹਾਂ ਸਾਰੇ ਜਵਾਨਾਂ ਨੂੰ ਦੋ ਸ਼ਰਤਾਂ—ਉਨ੍ਹਾਂ ਦੀ ਆਪਣੀ ਇੱਛਾ ਅਤੇ ਸਰੀਰਕ ਯੋਗਤਾ (ਫਿਜ਼ੀਕਲ ਫਿਟਨੈੱਸ)—ਦੇ ਆਧਾਰ ’ਤੇ ਰੈਗੂਲਰ ਫੌਜੀ ਬਣਨ ਦਾ ਵਿਕਲਪ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਤੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫੌਜ ’ਚ ਪੱਕੇ ਤੌਰ ’ਤੇ ਸ਼ਾਮਲ ਕੀਤਾ ਜਾਵੇਗਾ।

ਮੌਜੂਦਾ ਸਕੀਮ ਅਨੁਸਾਰ ਅਗਨੀਵੀਰਾਂ ਨੂੰ ਚਾਰ ਸਾਲ ਦੇ ਠੇਕੇ ’ਤੇ ਲਿਆ ਜਾਂਦਾ ਹੈ। ਸੇਵਾਵਾਂ ਵਿੱਚ ਦੋ ਸਾਲ ਦਾ ਇਹ ਵਾਧਾ ਅਜਿਹੇ ਸਮੇਂ ਆਇਆ ਹੈ ਜਦੋਂ 31 ਦਸੰਬਰ ਤੱਕ 18,300 ਤੋਂ ਵੱਧ ਜਵਾਨ ਆਪਣਾ ਚਾਰ ਸਾਲ ਦਾ ਠੇਕਾ ਪੂਰਾ ਕਰ ਕੇ ਸੇਵਾਮੁਕਤ ਹੋਣ ਵਾਲੇ ਸਨ।

ਸੀਡੀਐੱਸ ਨੇ ਕਿਹਾ ਕਿ ਕੈਬਨਿਟ ਨੇ ਅਜਿਹਾ ਰਸਤਾ ਤਿਆਰ ਕੀਤਾ ਹੈ ਤਾਂ ਜੋ ਅਗਨੀਵੀਰਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਪੱਕੇ ਤੌਰ ’ਤੇ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਅਗਨੀਵੀਰਾਂ ਦੀ ਕਾਰਗੁਜ਼ਾਰੀ ਬਹੁਤ ਵਧੀਆ ਰਹੀ ਹੈ।

# ਹਸਪਤਾਲਾਂ ਵਿੱਚ ਇਲਾਜ ਦੌਰਾਨ ਮਾਂ ਅਤੇ ਨਵਜੰਮੇ ਬੱਚੇ ਨੂੰ ਇਕੱਠੇ ਰੱਖਣ ਦੀ ਦਿਸ਼ਾ ਵਿੱਚ ਹਰਿਆਣਾ ਦੀ ਪਹਿਲਕਦਮੀ, ਫੈਮਿਲੀ ਸੈਂਟਰਡ ਕੇਅਰ ਦਾ ਕੀਤਾ ਜਾਵੇਗਾ ਵਿਸਥਾਰ

**ਚੰਡੀਗੜ੍ਹ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੰਭੀਰ ਰੂਪ ਵਿੱਚ ਬਿਮਾਰ ਨਵਜੰਮੇ ਬੱਚਿਆਂ ਦੀ ਜਾਨ ਬਚਾਉਣ ਦੀਆਂ ਤਿਆਰੀਆਂ ਨੂੰ ਹੋਰ ਮਜ਼ਬੂਤ ਕਰਦਿਆਂ ਹਰਿਆਣਾ ਸਰਕਾਰ ਸੂਬੇ ਵਿੱਚ ਲਗਭਗ 7 ਕਰੋੜ ਰੁਪਏ ਦੀ ਲਾਗਤ ਨਾਲ 19 ਵਾਧੂ ਨਵਜੰਮੇ ਵੈਂਟੀਲੇਟਰ ਉਪਲਬਧ ਕਰਵਾਉਣ ਜਾ ਰਹੀ ਹੈ। ਸੂਬੇ ਦੀਆਂ ਵਿਸ਼ੇਸ਼ ਨਵਜੰਮੇ ਬੱਚਿਆਂ ਦੀ ਦੇਖਭਾਲ ਇਕਾਈਆਂ (ਐੱਸਐੱਨਸੀਯੂ) ਵਿੱਚ ਪਹਿਲਾਂ ਹੀ 54 ਨਵਜੰਮੇ ਵੈਂਟੀਲੇਟਰ ਉਪਲਬਧ ਹਨ। ਇਨ੍ਹਾਂ 19 ਨਵੇਂ ਵੈਂਟੀਲੇਟਰਾਂ ਦੇ ਸ਼ਾਮਲ ਹੋਣ ਨਾਲ ਗੰਭੀਰ ਹਾਲਾਤਾਂ ਵਿੱਚ ਨਵਜੰਮੇ ਬੱਚਿਆਂ ਨੂੰ ਸਮੇਂ ਸਿਰ ਸਾਹ ਲੈਣ ਵਿੱਚ ਸਹਾਇਤਾ ਪ੍ਰਦਾਨ ਕਰਨ ਦੀ ਸਮਰੱਥਾ ਹੋਰ ਮਜ਼ਬੂਤ ਹੋਵੇਗੀ।

ਇਸ ਦੇ ਨਾਲ ਹੀ ਹਰਿਆਣਾ ਸਰਕਾਰ ਵਿਸ਼ੇਸ਼ ਨਵਜੰਮੇ ਬੱਚਿਆਂ ਦੀ ਦੇਖਭਾਲ ਇਕਾਈਆਂ ਨੂੰ ਏਕੀਕ੍ਰਿਤ ਮਾਂ-ਨਵਜੰਮੇ ਬੱਚੇ ਦੀ ਦੇਖਭਾਲ ਇਕਾਈਆਂ (ਐੱਮਐੱਨਸੀਯੂ) ਵਜੋਂ ਵਿਕਸਤ ਕਰਨ ਲਈ ਸੂਬਾ ਪੱਧਰੀ ਪਹਿਲਕਦਮੀ ਕਰ ਰਹੀ ਹੈ। ਇਸ ਤਹਿਤ ਡਾਕਟਰੀ ਤੌਰ ’ਤੇ ਢੁਕਵੀਆਂ ਸਥਿਤੀਆਂ ਵਿੱਚ ਹਸਪਤਾਲ ਵਿੱਚ ਇਲਾਜ ਦੌਰਾਨ ਮਾਂ ਨੂੰ ਆਪਣੇ ਨਵਜੰਮੇ ਬੱਚੇ ਦੇ ਨਾਲ ਰਹਿਣ ਦੀ ਸਹੂਲਤ ਦਿੱਤੀ ਜਾਵੇਗੀ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਇਸ ਪਹਿਲਕਦਮੀ ਦਾ ਉਦੇਸ਼ ਹਸਪਤਾਲ ਵਿੱਚ ਦਾਖ਼ਲ ਨਵਜੰਮੇ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਤੋਂ ਬੇਲੋੜੇ ਤੌਰ ’ਤੇ ਵੱਖ ਹੋਣ ਤੋਂ ਬਚਾਉਣਾ ਹੈ। ਇਸ ਲਈ ਵਿਸ਼ੇਸ਼ ਡਾਕਟਰੀ ਇਲਾਜ ਦੇ ਨਾਲ-ਨਾਲ ਮਾਂ ਦੀ ਨਿਰੰਤਰ ਮੌਜੂਦਗੀ, ਦੁੱਧ ਚੁੰਘਾਉਣ ਵਿੱਚ ਸਹਿਯੋਗ ਅਤੇ ਬੱਚੇ ਦੀ ਦੇਖਭਾਲ ਵਿੱਚ ਪਰਿਵਾਰ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ।

ਨਵੀਂ ਵਿਵਸਥਾ ਤਹਿਤ ਮਾਵਾਂ ਨੂੰ ਹਸਪਤਾਲ ਵਿੱਚ ਦਾਖ਼ਲ ਰਹਿਣ ਦੌਰਾਨ ਆਪਣੇ ਬੱਚਿਆਂ ਦੇ ਕੋਲ ਰਹਿਣ ਅਤੇ ਸਿਖਲਾਈ ਪ੍ਰਾਪਤ ਡਾਕਟਰਾਂ ਅਤੇ ਨਰਸਾਂ ਦੀ ਦੇਖ-ਰੇਖ ਹੇਠ ਉਨ੍ਹਾਂ ਦੀ ਦੇਖਭਾਲ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਸਿਹਤ ਵਿਭਾਗ ਅਨੁਸਾਰ, ਇਹ ਪਹਿਲਕਦਮੀ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੇ ’ਜ਼ੀਰੋ ਸੈਪਰੇਸ਼ਨ’ ਅਰਥਾਤ ਮਾਂ ਅਤੇ ਨਵਜੰਮੇ ਬੱਚੇ ਨੂੰ ਵੱਖ ਨਾ ਕਰਨ ਦੇ ਸਿਧਾਂਤ ’ਤੇ ਆਧਾਰਿਤ ਹੈ।

ਇਸ ਸਿਧਾਂਤ ਤਹਿਤ ਡਾਕਟਰੀ ਤੌਰ ’ਤੇ ਸੰਭਵ ਹੋਣ ’ਤੇ ਵਿਸ਼ੇਸ਼ ਨਵਜੰਮੇ ਬੱਚਿਆਂ ਦੀ ਦੇਖਭਾਲ ਦੀ ਲੋੜ ਵਾਲੇ ਮਾਮਲਿਆਂ ਵਿੱਚ ਵੀ ਮਾਂ ਅਤੇ ਬੱਚੇ ਨੂੰ ਇਕੱਠੇ ਰੱਖਣ ’ਤੇ ਜ਼ੋਰ ਦਿੱਤਾ ਜਾਂਦਾ ਹੈ।

ਇਹ ਮਾਡਲ ਵਿਸ਼ੇਸ਼ ਤੌਰ ’ਤੇ ਸਮੇਂ ਤੋਂ ਪਹਿਲਾਂ ਜਨਮੇ ਅਤੇ ਘੱਟ ਵਜ਼ਨ ਵਾਲੇ ਬੱਚਿਆਂ ਲਈ ਮਹੱਤਵਪੂਰਨ ਹੈ, ਜਿਨ੍ਹਾਂ ਨੂੰ ਲੰਬੇ ਸਮੇਂ ਤੱਕ ਹਸਪਤਾਲ ਵਿੱਚ ਦਾਖ਼ਲ ਰੱਖਣ, ਦੁੱਧ ਪਿਲਾਉਣ ਵਿੱਚ ਸਹਾਇਤਾ, ਸਰੀਰ ਦਾ ਤਾਪਮਾਨ ਨਿਯੰਤਰਿਤ ਰੱਖਣ ਅਤੇ ਲਗਾਤਾਰ ਡਾਕਟਰੀ ਨਿਗਰਾਨੀ ਦੀ ਲੋੜ ਹੋ ਸਕਦੀ ਹੈ।

# ਐੱਸ. ਆਈ. ਆਰ. ਖ਼ੁਦ ਕਰਵਾਈ, ਹੁਣ ਸਵਾਲ ਵੀ ਉਠਾ ਰਹੇ ਹਨ ਮੁੱਖ ਮੰਤਰੀ ਭਗਵੰਤ ਮਾਨ : ਕੇਵਲ ਸਿੰਘ ਢਿੱਲੋਂ

ਕੌਮੀ ਪਤ੍ਰਿਕਾ

ਚੰਡੀਗੜ੍ਹ 5 ਨਵੰਬਰ। ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸ਼ੁੱਕਰਵਾਰ ਨੂੰ ਵਿਧਾਨ ਸਭਾ ਵਿੱਚ ਚੋਣ ਸੂਚੀਆਂ ਦੀ 'ਸਪੈਸ਼ਲ ਇੰਟੈਂਸਿਵ ਰਿਵੀਜ਼ਨ' (ਸਪੈਸ਼ਲ ਇੰਟੈਂਸਿਵ ਰਿਵੀਜ਼ਨ–ਵਿਸ਼ੇਸ਼ ਸਘਨ ਸੁਧਾਈ) ਬਾਰੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਗਈ ਟਿੱਪਣੀ 'ਤੇ ਕਰਾਰਾ ਪਲਟਵਾਰ ਕੀਤਾ ਹੈ। ਢਿੱਲੋਂ ਨੇ ਭਗਵੰਤ ਮਾਨ ਦੇ ਭਾਸ਼ਣ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਕਿਹਾ, ਸੂਬੇ ਵਿੱਚ ਤੁਹਾਡੀ ਸਰਕਾਰ ਹੈ, ਤੁਹਾਡੇ ਅਧਿਕਾਰੀ ਜ਼ਿੰਮੇਵਾਰ ਹਨ ਅਤੇ ਤੁਸੀਂ ਖੁਦ ਹੀ 'ਐੱਸ.ਆਈ.ਆਰ.' ਦੀ ਸ਼ੁਰੂਆਤ ਕੀਤੀ ਸੀ, ਹੁਣ ਤੁਸੀਂ ਹੀ ਇਸ ਬਾਰੇ ਸਵਾਲ ਉਠਾ ਰਹੇ ਹੋ। ਭਾਜਪਾ ਪ੍ਰਧਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਾਰੀ ਪ੍ਰਕਿਰਿਆ ਸੂਬਾ ਸਰਕਾਰ ਦੇ ਆਪਣੇ ਅਮਲੇ ਡਿਪਟੀ ਕਮਿਸ਼ਨਰਾਂ ਅਤੇ ਐਸ.ਡੀ.ਐਮ. ਤੋਂ ਲੈ ਕੇ ਬੂਥ–ਪੱਧਰੀ ਅਧਿਕਾਰੀਆਂ ਤੱਕ ਦੁਆਰਾ ਨੇਪਰੇ ਚਾੜ੍ਹੀ ਗਈ ਸੀ, ਜਿਸ ਵਿੱਚ ਕੇਂਦਰ ਸਰਕਾਰ ਦੀ ਕੋਈ ਦਖਲਅੰਦਾਜ਼ੀ ਨਹੀਂ ਸੀ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸੂਬੇ ਦੇ ਆਪਣੇ ਅਧਿਕਾਰੀਆਂ ਨੇ 'ਐੱਸ.ਆਈ.ਆਰ.' ਦੌਰਾਨ ਕੋਈ



ਬੇਨਿਯਮੀਆਂ ਕੀਤੀਆਂ ਸਨ ਤਾਂ ਮੁੱਖ ਮੰਤਰੀ ਦੀ ਆਪਣੀ ਪਾਰਟੀ ਦੇ ਆਗੂਆਂ ਨੇ ਚੋਣ ਕਮਿਸ਼ਨ ਨੂੰ ਇਹ ਭਰੋਸਾ ਕਿਉਂ ਦਿੱਤਾ ਸੀ ਕਿ ਸਭ ਕੁਝ ਠੀਕ–ਠਾਕ ਹੈ? ਉਨ੍ਹਾਂ ਕਿਹਾ, ਇੱਕ ਪਾਸੇ ਤੁਸੀਂ ਵਿਧਾਨ ਸਭਾ ਵਿੱਚ 'ਐੱਸ.ਆਈ.ਆਰ.' ਵਿੱਚ ਬੇਨਿਯਮੀਆਂ ਹੋਣ ਦਾ ਦੋਸ਼ ਲਗਾਉਂਦੇ ਹੋ, ਜਦਕਿ ਦੂਜੇ ਪਾਸੇ ਤੁਹਾਡੀ ਆਪਣੀ ਪਾਰਟੀ ਦੇ ਆਗੂ ਚੋਣ ਕਮਿਸ਼ਨ ਨੂੰ ਕਹਿੰਦੇ ਹਨ ਕਿ ਸਭ ਕੁਝ ਠੀਕ ਹੈ। ਢਿੱਲੋਂ ਨੇ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਉਹ ਸੂਬੇ ਦੇ ਕਿਸੇ ਇੱਕ ਅਜਿਹੇ ਵੋਟਰ ਨੂੰ ਸਾਹਮਣੇ ਲਿਆਉਣ ਜਿਸਦਾ ਨਾਮ ਚੋਣ ਸੂਚੀ ਵਿੱਚੋਂ ਗਲਤ ਢੰਗ ਨਾਲ ਹਟਾਇਆ ਗਿਆ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕੋਈ ਬੇਨਿਯਮੀਆਂ ਹੋਈਆਂ ਹਨ, ਤਾਂ ਇਹ ਇੱਕ ਗੰਭੀਰ ਮਾਮਲਾ ਹੈ ਜਿਸ ਲਈ ਸੂਬਾ ਸਰਕਾਰ ਖੁਦ ਜ਼ਿੰਮੇਵਾਰ ਹੈ। ਮਾਨ ਦਾ ਬਿਆਨ ਇਸ ਗੱਲ ਦਾ ਸਬੂਤ ਹੈ ਕਿ ਇਹ ਇੱਕ ਅਯੋਗ ਸਰਕਾਰ ਹੈ, ਇਨ੍ਹਾਂ ਦੀ ਤਰਕਪੂਰਨ ਸੋਚਣ ਦੀ ਸਮਰੱਥਾ ਖਤਮ ਹੋ ਚੁੱਕੀ ਹੈ। ਅਜਿਹਾ ਲੱਗਦਾ ਹੈ ਕਿ ਮਾਨ ਨੂੰ ਹੁਣ ਆਪਣੇ ਮੰਤਰੀਆਂ ਅਤੇ ਅਧਿਕਾਰੀਆਂ 'ਤੇ ਵੀ ਭਰੋਸਾ ਨਹੀਂ ਰਿਹਾ। ਢਿੱਲੋਂ ਨੇ ਯਾਦ ਦਿਵਾਇਆ ਕਿ ਜਦੋਂ ਪੰਜਾਬ ਵਿੱਚ 'ਐੱਸ.ਆਈ.ਆਰ.' ਪ੍ਰਕਿਰਿਆ ਸ਼ੁਰੂ ਹੋਈ ਸੀ ਤਾਂ ਮਾਨ ਨੇ ਵਾਅਦਾ ਕੀਤਾ ਸੀ ਕਿ ਕਿਸੇ ਵੀ ਵੋਟਰ ਦਾ ਨਾਮ ਹਟਾਉਣ ਨਹੀਂ ਦਿੱਤਾ ਜਾਵੇਗਾ। ਢਿੱਲੋਂ ਨੇ ਜ਼ੋਰ ਦੇ ਕੇ ਕਿਹਾ, ਜੇਕਰ ਕਿਸੇ ਦਾ ਨਾਮ ਚੋਣ ਸੂਚੀ ਵਿੱਚੋਂ ਗਲਤ ਢੰਗ ਨਾਲ ਹਟਾਇਆ ਗਿਆ ਹੈ ਤਾਂ ਮੁੱਖ ਮੰਤਰੀ ਨੂੰ ਜਵਾਬ ਦੇਣਾ ਪਵੇਗਾ। ਉਹ ਕੇਂਦਰ ਸਰਕਾਰ 'ਤੇ ਬੇਬੁਨਿਆਦ ਦੋਸ਼ ਲਗਾ ਕੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ। ਭਾਜਪਾ ਪ੍ਰਧਾਨ ਨੇ ਅੱਗੇ ਦੋਸ਼ ਲਗਾਇਆ ਕਿ 'ਆਪ' ਸਰਕਾਰ ਵਿੱਚ ਜਨਤਾ ਨੂੰ ਸਰਕਾਰ ਕਈ ਗੰਭੀਰ ਮੁੱਦਿਆਂ ਨਾਲ ਘਿਰੀ ਹੋਈ ਹੈ, ਜਿਵੇਂ ਕਿ ਬਕਾਇਆ ਮਹਿੰਗਾਈ ਭੱਤਾ (41), ਨਸ਼ਿਆਂ ਦੀ ਸਮੱਸਿਆ, ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦਾ ਕਤਲ, ਗੈਂਗਸਟਰਵਾਦ ਦਾ ਵਧਣਾ, ਵਿਗੜਦੀ ਕਾਨੂੰਨ–ਵਿਵਸਥਾ ਅਤੇ ਪੰਜਾਬ 'ਤੇ ਲਗਾਤਾਰ ਵਧ ਰਿਹਾ ਕਰਜ਼ੇ ਦਾ ਬੋਝ। ਇਨ੍ਹਾਂ ਮੁੱਦਿਆਂ ਤੋਂ ਧਿਆਨ ਹਟਾਉਣ ਲਈ, ਮੁੱਖ ਮੰਤਰੀ ਅਜਿਹੇ ਬੇਤੁਕੇ ਬਿਆਨ ਦੇ ਰਹੇ ਹਨ।

# ਹੁਣ ਪੈਟਰੋਲ ਪੰਪਾਂ 'ਤੇ ਮਿਲੇਗਾ 5100 ਫਿਊਲ ! ਕੇਂਦਰ ਸਰਕਾਰ ਨੇ ਕਰ'ਤਾ ਐਲਾਨ

ਕੌਮੀ ਪਤ੍ਰਿਕਾ

ਨਵੀਂ ਦਿੱਲੀ 5 ਨਵੰਬਰ। ਕੇਂਦਰ ਸਰਕਾਰ ਨੇ ਕੇਂਦਰੀ ਮੋਟਰ ਵਾਹਨ ਨਿਯਮਾਂ, 1989 'ਚ ਸੋਧ ਕੀਤੀ ਹੈ, ਜਿਸ ਨਾਲ ਵਾਹਨਾਂ ਦੇ ਨਿਕਾਸ ਤੇ ਬਾਲਣ ਮਿਆਰਾਂ 'ਚ ਬਦਲਾਅ ਕੀਤੇ ਗਏ ਹਨ। ਇਨ੍ਹਾਂ 'ਚ ਫਲੈਕਸ–ਫਿਊਲ ਵਾਹਨਾਂ 'ਚ 100 ਫੀਸਦੀ ਈਥਾਨੌਲ ਫਿਊਲ ਦੀ ਵਰਤੋਂ ਲਈ ਸੋਧ ਸ਼ਾਮਲ ਹਨ, ਜੋ ਸੋਮਵਾਰ ਤੋਂ ਲਾਗੂ ਹੋ ਗਏ ਹਨ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਵੱਲੋਂ ਜਾਰੀ ਇੱਕ ਨੋਟੀਫਿਕੇਸ਼ਨ ਦੇ ਅਨੁਸਾਰ ਸਰਕਾਰ ਨੇ ਨਿਕਾਸ ਮਿਆਰਾਂ ਅਤੇ ਟੈਸਟਿੰਗ ਜ਼ਰੂਰਤਾਂ ਵਿੱਚ '585' ਫਿਊਲ ਦੇ ਕਈ ਹਵਾਲਿਆਂ ਨੂੰ '585 ਜਾਂ 5100' ਨਾਲ ਬਦਲ ਦਿੱਤਾ ਹੈ। ਹਾਲਾਂਕਿ, ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ 585 ਜਾਂ 5100 ਦੀ ਵਰਤੋਂ ਸਿਰਫ ਫਲੈਕਸ–ਫਿਊਲ ਵਾਹਨਾਂ ਵਿੱਚ ਹੀ ਕੀਤੀ ਜਾਣੀ ਚਾਹੀਦੀ ਹੈ, ਜੋ ਖਾਸ ਤੌਰ 'ਤੇ ਅਸਲ ਉਪਕਰਣ ਨਿਰਮਾਤਾਵਾਂ ਦੁਆਰਾ ਇਸ ਉਦੇਸ਼ ਲਈ ਤਿਆਰ ਕੀਤੇ ਗਏ ਹਨ। ਇਹ ਨਿਯਮ ਫਿਊਲ ਅਤੇ ਵਾਹਨਾਂ ਦੇ ਵਰਗੀਕਰਨ 'ਚ ਵੀ ਕੁਝ ਬਦਲਾਅ ਕਰਦੇ ਹਨ। ਉਦਾਹਰਣ ਵਜੋਂ ਇੱਕ ਨਿਕਾਸ ਸਾਰਣੀ 'ਚ ਵਾਹਨਾਂ ਲਈ ਕੁੱਲ ਵਾਹਨ ਭਾਰ ਸੀਮਾ 3,000 ਕਿਲੋਗ੍ਰਾਮ ਤੋਂ ਵਧਾ ਕੇ 3,500 ਕਿਲੋਗ੍ਰਾਮ ਕਰ ਦਿੱਤੀ ਗਈ ਹੈ। ਹੋਰ ਸੋਧਾਂ 'ਚ ਹਾਈਡ?ਰੋਜਨ–ਕੰਪ੍ਰੈਸਡ ਕੁਦਰਤੀ ਗੈਸ , 20 ਫੀਸਦੀ ਤੱਕ ਈਥਾਨੌਲ (520) ਦੇ ਨਾਲ ਗੈਸੋਲੀਨ ਮਿਸ਼ਰਣ, ਬਾਇਓਡੀਜ਼ਲ ਮਿਆਰ ਅਤੇ ਨਿਕਾਸ–ਜਾਂਚ ਟੇਬਲਾਂ ਅਤੇ ਨੋਟਸ 'ਚ ਤਕਨੀਕੀ ਸੁਧਾਰਾਂ ਦੇ ਹਵਾਲੇ ਅੱਪਡੇਟ ਕਰਨਾ ਸ਼ਾਮਲ ਹੈ। ਇਸ ਸਾਲ ਦੇ ਸ਼ੁਰੂ 'ਚ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਸੀ ਕਿ ਸਿਰਫ਼ ਈਥਾਨੌਲ 'ਤੇ ਚੱਲਣ ਵਾਲੀਆਂ ਕਾਰਾਂ ਦੀ ਵਰਤੋਂ ਕਰਨ ਨਾਲ ਫਿਊਲ ਦੀ ਲਾਗਤ ਲਗਭਗ 25 ਪ੍ਰਤੀ ਲੀਟਰ ਤੱਕ ਘਟ ਸਕਦੀ ਹੈ। ਇਸ ਤੋਂ ਇਲਾਵਾ, ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 525 ਮਿਸ਼ਰਣ ਦਿਸ਼ ਦੇ ਤਹਿਤ, ਭਾਰਤ ਦੇ ਈਥਾਨੌਲ ਉਦਯੋਗ ਦੀ ਮੰਗ ਵਿੱਤੀ ਸਾਲ 2031 ਤੱਕ 17.9 ਬਿਲੀਅਨ ਲੀਟਰ ਤੱਕ ਪਹੁੰਚ ਸਕਦੀ ਹੈ। ਬ੍ਰਿਕਵਰਕ ਰੇਟਿੰਗਾਂ ਦੇ ਵਿਸ਼ਲੇਸ਼ਣ ਦੇ ਅਨੁਸਾਰ, ਮੌਜੂਦਾ ਡਿਸਟਿਲੇਸ਼ਨ ਸਮਰੱਥਾ 18.25 ਬਿਲੀਅਨ ਲੀਟਰ ਹੈ, ਜੋ ਕਿ 'ਬੇਸ' ਅਤੇ 'ਬੇਅਰ' (ਘੱਟ ਮੰਗ) ਦ੍ਰਿਸ਼ਾਂ 'ਚ ਮੰਗ ਨੂੰ ਪੂਰਾ ਕਰਨ ਲਈ ਕਾਫ਼ੀ ਹੈ। ਰਿਪੋਰਟ ਦੇ ਅਨੁਸਾਰ, ਬੇਸ ਕੇਸ (ਆਮ ਸਥਿਤੀ) ਵਿੱਚ, ਮੌਜੂਦਾ 18.25 ਬਿਲੀਅਨ ਲੀਟਰ ਸਮਰੱਥਾ ਲਗਭਗ 98 ਫੀਸਦੀ ਦੀ ਵਰਤੋਂ ਕੀਤੀ ਜਾਵੇਗੀ। ਜੇਕਰ ਮਿਸ਼ਰਣ 520 ਪੱਧਰ 'ਤੇ ਰਹਿੰਦਾ ਹੈ, ਤਾਂ 'ਬੇਅਰ ਕੇਸ' (ਘੱਟ ਮੰਗ ਸਥਿਤੀ) 'ਚ ਮੰਗ 14.3 ਬਿਲੀਅਨ ਲੀਟਰ ਹੋਣ ਦਾ ਅਨੁਮਾਨ ਹੈ, ਜਿਸਦਾ ਮਤਲਬ ਹੈ ਕਿ ਲਗਭਗ 78 ਫੀਸਦੀ ਸਮਰੱਥਾ ਦੀ ਵਰਤੋਂ ਕੀਤੀ ਜਾਵੇਗੀ। ਗਡਕਰੀ ਨੇ ਕਿਹਾ, ਈਥੇਨੌਲ ਦੀ ਵਰਤੋਂ ਦੁਨੀਆ ਦੇ 19 ਦੇਸ਼ਾਂ ਵਿੱਚ ਕੀਤੀ ਜਾ ਰਹੀ ਹੈ

# ਖੇਤਰੀ ਪਾਸਪੋਰਟ ਦਫ਼ਤਰ ਜਲੰਧਰ 'ਚ ਲੱਗਾ ਮੈਡੀਕਲ ਕੈਂਪ, 60 ਲੋਕਾਂ ਨੇ ਕਰਵਾਈ ਸਿਹਤ ਜਾਂਚ :ਯਸ਼ਪਾਲ

ਕੌਮੀ ਪਤ੍ਰਿਕਾ

ਜਲੰਧਰ 5 ਨਵੰਬਰ। ਖੇਤਰੀ ਪਾਸਪੋਰਟ ਦਫ਼ਤਰ ਜਲੰਧਰ ਵੱਲੋਂ ਦਫ਼ਤਰ ਕੰਪਲੈਕਸ ਵਿਚ ਕਰਮਚਾਰੀਆਂ ਅਤੇ ਆਮ ਜਨਤਾ ਦੀ ਸਿਹਤ ਅਤੇ ਭਲਾਈ ਨੂੰ ਧਿਆਨ ਵਿਚ ਰੱਖਦਿਆਂ ਬੀਤੇ ਦਿਨ ਮੈਡੀਕਲ ਕੈਂਪ ਅਤੇ ਸਿਹਤ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪਹਿਲ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਬੀਮਾਰੀਆਂ ਤੋਂ ਬਚਾਅ ਲਈ ਨਿਯਮਿਤ ਸਿਹਤ ਜਾਂਚ ਦੇ ਮਹੱਤਵ ਬਾਰੇ ਜਾਣਕਾਰੀ ਦੇਣਾ ਸੀ। ਪ੍ਰੋਗਰਾਮ ਦੀ ਪ੍ਰਧਾਨਗੀ ਖੇਤਰੀ ਪਾਸਪੋਰਟ ਅਫਸਰ ਯਸ਼ਪਾਲ ਪਾਲ ਨੇ ਕੀਤੀ। ਇਸ ਮੌਕੇ 'ਕੇਅਰਬੈਸਟ' ਹਸਪਤਾਲ ਜਲੰਧਰ ਦੇ ਦਿਲ ਦੀਆਂ ਬੀਮਾਰੀਆਂ ਦੇ ਮਾਹਿਰ ਡਾ. ਰਮਨ ਚਾਵਲਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪ੍ਰੋਗਰਾਮ ਦੌਰਾਨ ਡਾ. ਰਮਨ ਚਾਵਲਾ ਨੇ ਦਿਲ ਦੀ ਸਿਹਤ ਨਾਲ ਸਬੰਧਤ ਵਿਸ਼ੇਸ਼ ਭਾਸ਼ਣ ਦਿੱਤਾ। ਉਨ੍ਹਾਂ ਲੋਕਾਂ ਨੂੰ ਦਿਲ ਨੂੰ ਸਿਹਤਮੰਦ ਰੱਖਣ, ਸੰਤੁਲਿਤ ਅਤੇ ਪੌਸ਼ਟਿਕ ਆਹਾਰ ਅਪਣਾਉਣ, ਨਿਯਮਿਤ ਸਰੀਰਕ ਸਰਗਰਮੀਆਂ ਕਰਨ ਅਤੇ ਸਿਹਤਮੰਦ ਜੀਵਨਸ਼ੈਲੀ ਬਣਾਈ ਰੱਖਣ ਦੇ ਮਹੱਤਵ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਮੇਂ ਸਿਰ ਸਿਹਤ ਜਾਂਚ ਕਰਵਾਉਣ ਨਾਲ ਕਈ ਬੀਮਾਰੀਆਂ ਦਾ ਸ਼ੁਰੂਆਤੀ ਪੜਾਅ ਵਿਚ ਪਤਾ ਲਾਇਆ ਜਾ ਸਕਦਾ ਹੈ, ਜਿਸ ਨਾਲ ਢੁੱਕਵੇਂ ਇਲਾਜ ਅਤੇ ਗੰਭੀਰ ਸਮੱਸਿਆਵਾਂ ਤੋਂ ਬਚਾਅ ਸੰਭਵ ਹੁੰਦਾ ਹੈ। ਕੈਂਪ ਦੌਰਾਨ ਦਫ਼ਤਰ ਦੇ ਕਰਮਚਾਰੀਆਂ ਅਤੇ ਆਮ ਜਨਤਾ ਸਮੇਤ ਲਗਭਗ 60 ਲੋਕਾਂ ਦੀ ਸਿਹਤ ਜਾਂਚ ਕੀਤੀ ਗਈ। ਇਸ ਪਹਿਲ ਜ਼ਰੀਏ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਸੁਚੇਤ ਰਹਿਣ ਅਤੇ ਕਿਸੇ ਵੀ ਸੰਭਾਵੀ ਬੀਮਾਰੀ ਦੇ ਲੱਛਣਾਂ ਨੂੰ ਅਣਦੇਖਾ ਨਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਪ੍ਰੋਗਰਾਮ ਵਿਚ ਨਿਯਮਿਤ ਸਿਹਤ ਜਾਂਚ ਨੂੰ ਰੋਜ਼ਾਨਾ ਜੀਵਨ ਦਾ ਮਹੱਤਵਪੂਰਨ ਹਿੱਸਾ ਬਣਾਉਣ 'ਤੇ ਵੀ ਜ਼ੋਰ ਦਿੱਤਾ ਗਿਆ। ਖੇਤਰੀ ਪਾਸਪੋਰਟ ਅਫਸਰ ਯਸ਼ਪਾਲ ਪਾਲ ਨੇ ਸਿਹਤ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕਰਮਚਾਰੀਆਂ ਅਤੇ ਆਮ ਜਨਤਾ ਦੀ ਸਿਹਤ ਅਤੇ ਭਲਾਈ ਮਹੱਤਵਪੂਰਨ ਹੈ। ਅਜਿਹੇ ਪ੍ਰੋਗਰਾਮ ਲੋਕਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਅਤੇ ਸਮੇਂ–ਸਮੇਂ 'ਤੇ ਆਪਣੀ ਸਿਹਤ ਦੀ ਜਾਂਚ ਕਰਵਾਉਣ ਲਈ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿਹਤ ਪ੍ਰਤੀ ਜਾਗਰੂਕਤਾ ਅਤੇ ਸਮੇਂ ਸਿਰ ਜਾਂਚ ਬੀਮਾਰੀਆਂ ਦੀ ਰੋਕਥਾਮ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪ੍ਰੋਗਰਾਮ ਦੇ ਆਖਿਰ ਵਿਚ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜ਼ਿੰਮੇਵਾਰ ਰਹਿਣ, ਨਿਯਮਿਤ ਸਿਹਤ ਜਾਂਚ ਕਰਵਾਉਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦਾ ਸੰਦੇਸ਼ ਦਿੱਤਾ ਗਿਆ। ਖੇਤਰੀ ਪਾਸਪੋਰਟ ਦਫ਼ਤਰ ਦੀ ਇਹ ਪਹਿਲ ਕਰਮਚਾਰੀਆਂ ਅਤੇ ਆਮ ਜਨਤਾ ਵਿਚਕਾਰ ਸਿਹਤ ਜਾਗਰੂਕਤਾ ਵਧਾਉਣ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਰਹੀ।



# ਹੈਦਰਾਬਾਦ ਹਵਾਈ ਅੱਡੇ 'ਤੇ DRI ਦੀ ਵੱਡੀ ਕਾਰਵਾਈ: 1.56 ਕਰੋੜ ਦੀ ਵਿਦੇਸ਼ੀ ਕਰੰਸੀ ਸਣੇ 2 ਯਾਤਰੀ ਗ੍ਰਿਫ਼ਤਾਰ

ਹੈਦਰਾਬਾਦ 5 ਨਵੰਬਰ। ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ ਨੇ ਹੈਦਰਾਬਾਦ ਦੇ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲਗਭਗ 1.56 ਕਰੋੜ ਦੀ ਵਿਦੇਸ਼ੀ ਕਰੰਸੀ ਜ਼ਬਤ ਕੀਤੀ ਹੈ ਅਤੇ ਦੋ ਯਾਤਰੀਆਂ ਨੂੰ ਗ੍ਰਿਫਤਾਰ ਕੀਤਾ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਇੱਕ ਪ੍ਰੈਸ ਰਿਲੀਜ਼ ਦੇ ਅਨੁਸਾਰ ਡੀਆਰਆਈ ਦੀ ਹੈਦਰਾਬਾਦ ਖੇਤਰੀ ਇਕਾਈ ਦੇ ਅਧਿਕਾਰੀਆਂ ਨੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ 22 ਅਕਤੂਬਰ ਨੂੰ ਇੱਕ ਭਾਰਤੀ ਯਾਤਰੀ ਨੂੰ ਰੋਕਿਆ, ਜੋ ਹੈਦਰਾਬਾਦ ਤੋਂ ਮਲੇਸ਼ੀਆ ਦੇ ਕੁਆਲਾਲੰਪੁਰ ਜਾਣ ਵਾਲਾ ਸੀ। ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਯਾਤਰੀ ਦੇ ਸਾਮਾਨ ਦੀ ਤਲਾਸ਼ੀ ਲੈਣ 'ਤੇ ਲਗਭਗ 63.62 ਲੱਖ ਅਤੇ ਮਲੇਸ਼ੀਆਈ ਰਿੰਗਿਟ ਦੀ ਵਿਦੇਸ਼ੀ ਕਰੰਸੀ ਦਾ ਪਤਾ ਲੱਗਾ। ਰਿਲੀਜ਼ ਅਨੁਸਾਰ, ਵਿਦੇਸ਼ੀ ਕਰੰਸੀ ਯਾਤਰੀ ਦੇ ਟਰਾਲੀ ਬੈਗ ਵਿੱਚ ਕੱਪੜਿਆਂ ਦੇ ਵਿਚਕਾਰ ਇੱਕ ਕਾਲੇ ਪਲਾਸਟਿਕ ਦੇ ਕਵਰ ਵਿੱਚ ਲੁਕਾਈ ਗਈ ਸੀ। ਮੁੱਢਲੀ ਪੁੱਛਗਿੱਛ ਦੌਰਾਨ ਅਧਿਕਾਰੀਆਂ ਨੂੰ ਉਸੇ ਫਲਾਈਟ ਵਿੱਚ ਯਾਤਰਾ ਕਰਨ ਵਾਲੀ ਇੱਕ ਹੋਰ ਔਰਤ ਬਾਰੇ ਪਤਾ ਲੱਗਾ, ਜਿਸਨੇ ਇੱਕ ਵੱਖਰੇ PNR 'ਤੇ ਟਿਕਟ ਬੁੱਕ ਕੀਤੀ ਸੀ। ਇਸ ਤੋਂ ਬਾਅਦ ਅਧਿਕਾਰੀਆਂ ਨੇ ਔਰਤ 'ਤੇ ਨਜ਼ਰ ਰੱਖੀ ਅਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ। ਉਸਦੇ ਸਾਮਾਨ ਦੀ ਤਲਾਸ਼ੀ ਦੌਰਾਨ 97,600 ਅਮਰੀਕੀ ਡਾਲਰ, ਜਿਨ੍ਹਾਂ ਦੀ ਕੀਮਤ ਲਗਭਗ 91.94 ਲੱਖ ਰੁਪਏ ਸੀ, ਬਰਾਮਦ ਕੀਤੇ ਗਏ। ਡੀਆਰਆਈ ਦੇ ਅਨੁਸਾਰ, ਔਰਤ ਨੇ ਆਪਣੇ ਟਰਾਲੀ ਬੈਗ ਵਿੱਚ ਆਪਣੇ ਕੱਪੜਿਆਂ ਦੇ ਵਿਚਕਾਰ ਇੱਕ ਕਾਲੇ ਪਲਾਸਟਿਕ ਦੇ ਕਵਰ ਵਿੱਚ ਵਿਦੇਸ਼ੀ ਕਰੰਸੀ ਵੀ ਛੁਪਾਈ ਸੀ। ਏਜੰਸੀ ਨੇ ਕਿਹਾ ਕਿ ਦੋਵੇਂ ਯਾਤਰੀ ਵਿਦੇਸ਼ੀ ਮੁਦਰਾ ਦੀ ਕਾਨੂੰਨੀ ਪ੍ਰਾਪਤੀ ਅਤੇ ਲਿਜਾਣ ਨਾਲ ਸਬੰਧਤ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। f

# ਕਿਸਾਨਾਂ ਲਈ ਖੁਸ਼ਖਬਰੀ ! ਇਸ ਦਿਨ ਆਵੇਗੀ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਦੀ ਅਗਲੀ ਕਿਸ਼ਤ

ਨਵੀਂ ਦਿੱਲੀ 5 ਨਵੰਬਰ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਯੋਜਨਾ ਦੀ 24ਵੀਂ ਕਿਸ਼ਤ 5 ਨਵੰਬਰ ਨੂੰ ਜਾਰੀ ਕੀਤਾ ਜਾਵੇਗੀ । ਪੈਸੇ ਕਿਸਾਨਾਂ ਨੂੰ ਸਿੱਧਾ ਬੈਂਕ ਖਾਤਿਆਂ ਵਿਚ ਮਿਲਣਗੇ । ਖੇਤੀਬਾੜੀ ਮੰਤਰਾਲੇ ਨੇ ਪਹਿਲਾ ਹੀ 23 ਅਕਤੂਬਰ ਨੂੰ ਭੁਗਤਾਨ ਦੀ ਤਾਰੀਖ ਦਾ ਐਲਾਨ ਕਰ ਦਿੱਤਾ ਸੀ । ਜਿਹੜੇ ਕਿਸਾਨ ਇਸ ਰਾਸ਼ੀ ਦਾ ਇੰਤਜ਼ਾਰ ਕਰ ਰਹੇ ਹਨ ਉਨ੍ਹਾਂ ਨੂੰ ਕਿਸ਼ਤ ਜਾਰੀ ਹੋਣ ਤੋਂ ਪਹਿਲਾ ਆਪਣੀ ਜਾਣਕਾਰੀ ਚੈੱਕ ਕਰ ਲੈਣੀ ਚਾਹੀਦੀ ਹੈ । ਇਸ ਤਾਰੀਖ ਨੂੰ ਕਿਸ਼ਤ ਜਾਰੀ ਹੋਣ ਦਾ ਮਤਲਬ



ਇਹ ਨਹੀਂ ਹੈ ਕਿ ਹਰੇਕ ਰਜ਼ਿਸਟਰਡ ਕਿਸਾਨ ਨੂੰ ਭੁਗਤਾਨ ਮਿਲ ਹੀ ਜਾਵੇਗਾ । ਅਧੂਰਾ e-KYC ਜਾ ਗਲਤ ਰਿਕਾਰਡ ਹੋਣ 'ਤੇ ਪੈਸੇ ਮਿਲਣ ਵਿਚ ਦੇਰੀ ਹੋ ਸਕਦੀ ਹੈ । ਆਧਾਰ ਲਿੰਕ ਹੋਣ ਜਾ ਜਮੀਨ ਦੇ ਤਸਦੀਕ ਵਿਚ ਦਿੱਕਤ ਹੋਣ 'ਤੇ ਵੀ ਭੁਗਤਾਨ ਪ੍ਰਭਾਵਿਤ ਹੋ ਸਕਦਾ ਹੈ । ਕਿਸਾਨਾਂ ਨੂੰ ਆਖਰੀ ਦਿਨ ਦਾ ਇੰਤਜ਼ਾਰ ਕਰਨ ਦੀ ਬਜਾਏ, ਇਹ ਸਮੱਸਿਆਵਾਂ ਨੂੰ ਪਹਿਲਾ ਹੀ ਠੀਕ ਕਰ ਲੈਣਾ ਚਾਹੀਦਾ ਹੈ । ਇਸ ਯੋਜਨਾ ਦੇ ਤਹਿਤ e-KYC ਪੂਰਾ ਕਰਨਾ ਇਕ ਜਰੂਰੀ ਸ਼ਰਤ ਹੈ । ਇਸ ਨਾਲ ਰਜ਼ਿਸਟਰਡ ਕਿਸਾਨਾਂ ਦੀ ਪਛਾਣ ਦੀ ਪੁਸ਼ਟੀ ਕਰਨ ਵਿੱਚ ਮਦਦ ਮਿਲਦੀ ਹੈ । ਕਿਸਾਨਾਂ ਨੂੰ ਇਹ ਵੀ ਚੈੱਕ ਕਰ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਬੈਂਕ ਖਾਤਾ ਆਧਾਰ ਨਾਲ ਜੁੜਿਆ ਹੈ ਜਾ ਨਹੀਂ । ਇਸ ਦੇ ਨਾਲ ਹੀ, ਇਸ ਦੇ ਜਮੀਨ ਦੇ ਰਿਕਾਰਡ ਤਸਦੀਕ ਹੋਣੀ ਚਾਹੀਦੀ ਅਤੇ ਉਸ ਦੀ ਜਾਣਕਾਰੀ ਸਹੀ ਹੋਣੀ ਚਾਹੀਦੀ ਹੈ । ਕਿਸਾਨ ਪੀ.ਐਮ ਕਿਸਾਨ ਦੀ ਆਧਿਕਾਰਿਕ ਵੈਬਸਾਇਟ ਦੇ ਰਾਹੀਂ ਆਪਣੇ ਭੁਗਤਾਨ ਦੀ ਜਾਣਕਾਰੀ ਚੈੱਕ ਕਰ ਸਕਦੇ ਹਨ । ਆਪਣੇ ਮੋਬਾਇਲ ਫੋਨ ਜਾ ਕੰਪਿਊਟਰ 'ਤੇ pmkisan.gov.in ਖੋਲੋ, 'Know Your Status' (ਆਪਣਾ ਸਟੇਟਸ ਜਾਣੋ) ਵਿਕਲਪ ਚੁਣੋ ਅਤੇ ਆਪਣਾ ਰਜਿਸਟ?ਰੇਸ਼ਨ ਨੰਬਰ ਦਰਜ਼ ਕਰੋ । ਇਸ ਦੇ ਬਾਅਦ, ਸਕ੍ਰੀਨ 'ਤੇ ਦਿਖ ਰਿਹਾ ਕੈਪਚਾ ਕੋਡ ਭਰੋ ਅਤੇ 'Get OTP' ਚੁਣੋ, ਅੱਗੇ ਵਧਣ ਲਈ ਆਪਣੇ ਦਿੱਤੇ ਹੋਏ ਮੋਬਾਇਲ ਨੰਬਰ 'ਤੇ ਆਏ OTP ਨੂੰ ਦਰਜ਼ ਕਰੋ । ਅਗਲੀ ਸਕ੍ਰੀਨ 'ਤੇ ਆਪਣੀ ਜਾਣਕਾਰੀ ਅਤੇ ਲਾਭਪਾਤਰੀ ਦਾ ਸਟੇਟਸ ਦਿਖਾਈ ਦੇਵੇਗਾ ।

## ਨਸ਼ਾ ਮੁਕਤੀ ਕੇਂਦਰ 'ਚੋਂ 45 ਮਰੀਜ਼ ਫਰਾਰ, ਨੌਜਵਾਨ ਦੀ ਖੁਦਕੁਸ਼ੀ ਮਗਰੋਂ ਪਈਆਂ ਭਾਜੜਾਂ

ਇੰਦੌਰ 5 ਨਵੰਬਰ। ਮੱਧ ਪ੍ਰਦੇਸ਼ ਦੇ ਇੰਦੌਰ ਦੇ ਇਕ ਨਸ਼ਾ ਮੁਕਤੀ ਕੇਂਦਰ ਵਿਚ ਦਾਖਲ 24 ਸਾਲਾ ਨੌਜਵਾਨ ਨੇ ਸ਼ਨੀਵਾਰ ਨੂੰ ਕਥਿਤ ਤੌਰ 'ਤੇ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ, ਜਿਸ ਤੋਂ ਘਬਰਾ ਕੇ ਲੱਗਭਗ 45 ਮਰੀਜ਼ ਕੇਂਦਰ ਤੋਂ ਭੱਜ ਨਿਕਲੇ। ਪੁਲਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਮਰੀਜ਼ਾਂ ਦੇ ਕੇਂਦਰ ਤੋਂ ਭੱਜਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਰਾਵਜੀ ਬਾਜ਼ਾਰ ਥਾਣਾ ਮੁਖੀ ਮਨੀਸ਼ ਮਿਸ਼ਰਾ ਨੇ ਦੱਸਿਆ ਕਿ ਫਾਹਾ ਲਗਾ ਕੇ ਖੁਦਕੁਸ਼ੀ ਕਰਨ ਵਾਲੇ ਮਰੀਜ਼ ਦੀ ਪਛਾਣ ਸਚੇਂਦਰ ਲੋਧੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਲੋਧੀ ਨਸ਼ਾ ਮੁਕਤੀ ਕੇਂਦਰ ਵਿਚ ਚੱਲ ਰਹੀ ਮੈਡੀਟੇਸ਼ਨ ਦੀ ਕਲਾਸ ਦੌਰਾਨ ਬੇਚੈਨੀ ਮਹਿਸੂਸ ਹੋਣ ਦੀ ਗੱਲ ਕਹਿ ਕੇ ਆਪਣੇ ਕਮਰੇ ਵਿਚ ਚਲਾ ਗਿਆ ਸੀ। ਇਸ ਤੋਂ ਬਾਅਦ ਫਾਹੇ ਨਾਲ ਉਸ ਦੀ ਲਾਸ਼ ਲਟਕਦੀ ਮਿਲੀ। ਥਾਣਾ ਮੁਖੀ ਨੇ ਕਿਹਾ ਕਿ ਲੋਧੀ ਦੀ ਖੁਦਕੁਸ਼ੀ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ ਹੈ ਅਤੇ ਮੌਕੇ ਤੋਂ ਕੋਈ ਸੁਸਾਈਡ ਨੋਟ ਵੀ ਨਹੀਂ ਮਿਲਿਆ ਹੈ।

## ਤਿਉਹਾਰੀ ਸੀਜ਼ਨ ਦੌਰਾਨ ਦਿੱਲੀ ਸਰਕਾਰ ਦੀ ਵੱਡੀ ਕਾਰਵਾਈ, 922 ਕਿਲੋ ਮਿਲਾਵਟੀ ਖਾਣ-ਪੀਣ ਦੀਆਂ ਚੀਜ਼ਾਂ ਨਸ਼ਟ

ਨਵੀਂ ਦਿੱਲੀ 5 ਨਵੰਬਰ। ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ ਦਿੱਲੀ ਸਰਕਾਰ ਦੇ ਖੁਰਾਕ ਸੁਰੱਖਿਆ ਵਿਭਾਗ ਨੇ ਨਿਹਾਲ ਵਿਹਾਰ ਅਤੇ ਮੋਰੀ ਗੇਟ ਵਿੱਚ ਖੋਆ ਮੰਡੀ ਵਿੱਚ ਮਿਠਾਈ ਨਿਰਮਾਣ ਇਕਾਈਆਂ ਵਿੱਚ ਨਿਰੀਖਣ ਦੌਰਾਨ 922 ਕਿਲੋਗ੍ਰਾਮ ਮਿਲਾਵਟੀ ਭੋਜਨ ਪਦਾਰਥ ਨਸ਼ਟ ਕਰ ਦਿੱਤੇ। ਵਿਭਾਗ ਨੇ ਨਿਹਾਲ ਵਿਹਾਰ ਵਿੱਚ 13 ਥਾਵਾਂ ਦੀ ਜਾਂਚ ਕਰਨ ਤੋਂ ਬਾਅਦ ਰਸਗੁੱਲੇ, ਛੇਣਾ ਅਤੇ ਮਿਲਕ ਕੇਕ ਸਮੇਤ 402 ਕਿਲੋਗ੍ਰਾਮ ਖਾਣ–ਪੀਣ ਦੀਆਂ ਚੀਜ਼ਾਂ ਨਸ਼ਟ ਕਰ ਦਿੱਤੀਆਂ। ਇਸ ਦੇ ਨਾਲ ਹੀ, ਮੋਰੀ ਗੇਟ ਖੋਆ ਮੰਡੀ ਵਿਖੇ ਚਲਾਈ ਗਈ ਇੱਕ ਵੱਖਰੀ ਮੁਹਿੰਮ ਵਿੱਚ 520 ਕਿਲੋ ਖਰਾਬ ਖੋਆ ਅਤੇ ਛੀਨਾ ਨਸ਼ਟ ਕੀਤਾ ਗਿਆ। ਇਸ ਤੋਂ ਇਲਾਵਾ, ਪ੍ਰਯੋਗਸ਼ਾਲਾ ਜਾਂਚ ਲਈ ਦੋਵਾਂ ਥਾਵਾਂ ਤੋਂ ਭੋਜਨ ਦੇ ਨਮੂਨੇ ਇਕੱਠੇ ਕੀਤੇ ਗਏ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਵਿਭਾਗ ਨੂੰ ਤਿਉਹਾਰਾਂ ਦੇ ਸੀਜ਼ਨ ਦੌਰਾਨ ਅਚਾਨਕ ਨਿਰੀਖਣ, ਨਿਯਮਤ ਨਿਗਰਾਨੀ ਅਤੇ ਨਮੂਨਾ ਜਾਂਚ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਗੁਪਤਾ ਨੇ ਕਿਹਾ, ਜੋ ਲੋਕ ਭੋਜਨ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਦੇ ਹਨ ਅਤੇ ਜਨਤਕ ਸਿਹਤ ਨੂੰ ਖਤਰੇ ਵਿੱਚ ਪਾਉਂਦੇ ਹਨ, ਉਨ੍ਹਾਂ 'ਤੇ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇਗੀ। ਇਹ ਨਿਰੀਖਣ ਤਿਉਹਾਰਾਂ ਦੇ ਸੀਜ਼ਨ ਦੌਰਾਨ ਜਦੋਂ ਮਠਿਆਈਆਂ ਦੀ ਮੰਗ ਵਧ ਜਾਂਦੀ ਹੈ ਤਾਂ ਅਸੁਰੱਖਿਅਤ ਭੋਜਨ ਪਦਾਰਥਾਂ ਦੇ ਨਿਰਮਾਣ ਅਤੇ ਵਿਕਰੀ ਨੂੰ ਰੋਕਣ ਲਈ ਸਰਕਾਰ ਦੇ ਯਤਨਾਂ ਦਾ ਹਿੱਸਾ ਹਨ। ਨਿਹਾਲ ਵਿਹਾਰ ਵਿੱਚ ਵਿਭਾਗ ਨੇ 265 ਕਿਲੋ ਰਸਗੁੱਲੇ, 45 ਕਿਲੋ ਛੇਣਾ, 80 ਕਿਲੋ ਮਿਲਕ ਕੇਕ ਅਤੇ 12 ਕਿਲੋ ਪੀਸਿਆ ਹੋਇਆ ਨਾਰੀਅਲ ਨਸ਼ਟ ਕੀਤਾ। ਉਕਤ ਸਾਰੇ ਪਦਾਰਥਾਂ ਅਤੇ ਪਨੀਰ ਦੇ 14 ਨਮੂਨੇ ਜਾਂਚ ਲਈ ਲਏ ਗਏ। ਟੀਮਾਂ ਨੇ ਬਿਨਾਂ ਲਾਇਸੈਂਸ ਵਾਲੇ ਰਸਗੁੱਲੇ ਬਣਾਉਣ ਵਾਲੀਆਂ ਇਕਾਈਆਂ, ਹੋਰ ਮਿਠਾਈਆਂ ਨਿਰਮਾਤਾਵਾਂ ਅਤੇ ਮਿਠਾਈਆਂ ਦੀਆਂ ਦੁਕਾਨਾਂ ਦਾ ਨਿਰੀਖਣ ਕੀਤਾ।




# ਹੋਟਲ ਦੇ ਕਮਰੇ 'ਚ ਵੜਦੇ ਸਾਰ ਹੀ ਚੂੜੇ ਵਾਲੀ ਕੁੜੀ ਦੇ ਨਿਕਲੇ ਸਾਹ, ਵਿਆਹ ਦੇ 4 ਮਹੀਨੇ ਬਾਅਦ ਉੱਜੜ ਗਿਆ ਘਰ

ਝਾਂਸੀ 5 ਨਵੰਬਰ। ਉੱਤਰ ਪ੍ਰਦੇਸ਼ ਦੇ ਝਾਂਸੀ ਜ਼ਿਲ੍ਹੇ ਦੇ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਵਿਆਹ ਦੇ ਸਿਰਫ਼ 4 ਮਹੀਨੇ ਬਾਅਦ ਹੀ ਇੱਕ ਹੋਟਲ ਵਿੱਚ 28 ਸਾਲਾ ਔਰਤ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਮੁਸਕਾਨ ਸਿਮੋਲੀਆ ਵਜੋਂ ਹੋਈ ਹੈ। ਇਸ ਘਟਨਾ ਤੋਂ ਬਾਅਦ ਮੁਸਕਾਨ ਦੇ ਪਰਿਵਾਰ ਨੇ ਉਸਦੇ ਪਤੀ ਵਿਰੁੱਧ ਕਤਲ ਦਾ ਗੰਭੀਰ ਦੋਸ਼ ਦਾਇਰ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਮੁਸਕਾਨ ਰੇਲਵੇ ਵਿੱਚ ਜੂਨੀਅਰ ਇੰਜੀਨੀਅਰ (ਜੇਈ) ਬਣਨ ਦੀ ਤਿਆਰੀ ਕਰ ਰਹੀ ਸੀ। ਉਸਦਾ ਪਤੀ ਨੀਲੇਸ਼ ਮੱਧ ਪ੍ਰਦੇਸ਼ ਵਿੱਚ ਇੱਕ ਬੈਂਕ ਮੈਨੇਜਰ ਵਜੋਂ ਕੰਮ ਕਰਦਾ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਸ ਨੇ ਨੀਲੇਸ਼ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁਸਕਾਨ ਦੇ ਪਿਤਾ ਰਾਮਜੀ ਲਾਲ ਅਹੀਰਵਾਰ ਨੇ ਘਟਨਾ ਦਾ ਖੁਲਾਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਧੀ ਦਾ ਵਿਆਹ 29 ਜੂਨ, 2026 ਨੂੰ ਵਿਦਿਸ਼ਾ (ਮੱਧ ਪ੍ਰਦੇਸ਼) ਦੇ ਰਹਿਣ ਵਾਲੇ ਨੀਲੇਸ਼ ਨਾਲ ਹੋਇਆ ਸੀ। ਵਿਆਹ ਤੋਂ ਕੁਝ ਦਿਨਾਂ ਬਾਅਦ ਮੁਸਕਾਨ ਨੂੰ ਪਤਾ ਲੱਗਾ ਕਿ ਨੀਲੇਸ਼ ਪਹਿਲਾਂ ਤੋਂ ਵਿਆਹਿਆ ਸੀ ਅਤੇ ਉਸਦੀ ਪਹਿਲੀ ਪਤਨੀ ਇੰਦੌਰ ਵਿੱਚ ਰਹਿੰਦੀ ਹੈ। ਇਸ ਸੱਚਾਈ ਦੇ ਸਾਹਮਣੇ ਆਉਣ ਤੋਂ ਬਾਅਦ ਦੋਸ਼ੀ ਨੀਲੇਸ਼ ਨੇ ਮੁਸਕਾਨ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਹਰ ਛੋਟੀ–ਛੋਟੀ ਗੱਲ 'ਤੇ ਉਸਨੂੰ ਤਾਅਨੇ ਮਾਰਨ ਲੱਗ ਪਿਆ। ਪਰਿਵਾਰ ਨੇ ਦੱਸਿਆ ਕਿ ਮੁਸਕਾਨ 28 ਅਕਤੂਬਰ ਨੂੰ ਹੋਣ ਵਾਲੀ ਰੇਲਵੇ ਜੇਈ ਪ੍ਰੀਖਿਆ ਦੀ ਤਿਆਰੀ ਲਈ 10 ਅਕਤੂਬਰ ਤੋਂ ਆਪਣੇ ਮਾਪਿਆਂ ਦੇ ਘਰ ਰਹਿ ਰਹੀ ਸੀ। 23 ਅਕਤੂਬਰ ਨੂੰ ਨੀਲੇਸ਼ ਆਪਣੇ ਸਹੁਰੇ ਘਰ ਆਇਆ ਅਤੇ ਮੁਸਕਾਨ ਨੂੰ ਭੂਆ ਦੇ ਘਰ ਲੈ ਕੇ ਜਾਣ ਦੀ ਗੱਲ ਕਹਿ ਕੇ ਆਪਣੇ ਨਾਲ ਲੈ ਗਿਆ। ਭੂਆ ਦੇ ਘਰ ਜਾਣ ਦੀ ਬਜਾਏ ਨੀਲੇਸ਼ ਉਸਨੂੰ ਝਾਂਸੀ ਦੇ ਰਿਸ਼ਭ ਹੋਟਲ ਲੈ ਗਿਆ ਅਤੇ ਕਮਰਾ ਨੰਬਰ 212 ਬੁੱਕ ਕਰ ਲਿਆ। ਅਗਲੀ ਸਵੇਰ ਪਰਿਵਾਰ ਨੂੰ ਮੁਸਕਾਨ ਦੀ ਮੌਤ ਬਾਰੇ ਪਤਾ ਲੱਗਾ। ਮੁਸਕਾਨ ਦੇ ਪਿਤਾ ਦਾ ਦੋਸ਼ ਹੈ ਕਿ ਨੀਲੇਸ਼ ਨੇ ਹੋਟਲ ਦੇ ਕਮਰੇ ਵਿੱਚ ਉਸਦੀ ਧੀ ਨੂੰ ਕੁੱਟਿਆ ਅਤੇ ਉਸਦਾ ਸਿਰ ਕੰਧ ਨਾਲ ਮਾਰਿਆ, ਜਿਸ ਕਾਰਨ ਉਸਦੀ ਮੌਤ ਹੋ ਗਈ। ਝਾਂਸੀ ਦੀ ਸੀਨੀਅਰ ਪੁਲਸ ਅਧਿਕਾਰੀ ਪ੍ਰੀਤੀ ਸਿੰਘ ਨੇ ਘਟਨਾ ਦੀ ਜਾਣਕਾਰੀ ਦਿੰਦੇ ਕਿਹਾ ਕਿ ਪੁੱਛਗਿੱਛ ਦੌਰਾਨ ਪਤੀ ਨੀਲੇਸ਼ ਨੇ ਦਾਅਵਾ ਕੀਤਾ ਕਿ 24 ਅਕਤੂਬਰ ਦੀ ਸਵੇਰ ਨੂੰ ਜਦੋਂ ਉਹ ਹੋਟਲ ਤੋਂ ਬਾਹਰ ਨਿਕਲਣ ਦੀ ਤਿਆਰੀ ਕਰ ਰਹੇ ਸਨ ਤਾਂ ਮੁਸਕਾਨ ਅਚਾਨਕ ਕਮਰੇ ਵਿੱਚ ਬੇਹੋਸ਼ ਹੋ ਗਈ। ਉਹ ਤੁਰੰਤ ਉਸਨੂੰ ਹਸਪਤਾਲ ਲੈ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਹੋਟਲ ਦੇ ਕਮਰੇ ਅਤੇ ਉੱਥੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਹੈ। ਫੁਟੇਜ ਵਿੱਚ ਮੁਸਕਾਨ ਕਮਰੇ ਦੇ ਅੰਦਰ ਡਿੱਗਦੀ ਹੋਈ ਦਿਖਾਈ ਦੇ ਰਹੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਦਰਜ ਕਰ ਲਈ ਗਈ ਹੈ ਅਤੇ ਪੋਸਟਮਾਰਟਮ ਰਿਪੋਰਟ ਅਤੇ ਜਾਂਚ ਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।